ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ
ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848 +91 98146-12006 +91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ (ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576 +1 778-207-8100
EAGLE EYE
PICK & DROP CAR RENTALS & TAXI SERVICE 24 HOURS



Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



# ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish | ALBERTA Edmonton Calgary | ONTARIO Ottawa, Brampton Toronto | QUEBEC Montreal | USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 33, Issue No.36 Ending Date: Sep 04, 2026



ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR
LAKHJIT SARAN
604-613-9100


## ਸ਼ਕਾਮਿਸ਼ (ਬੀਸੀ) 'ਚ ਪੰਜਾਬੀ ਬੀਬੀਆਂ ਦਾ ਸ਼ਲਾਘਾਯੋਗ ਉੱਦਮ:ਹਸਪਤਾਲ ਲਈ ਕੀਤਾ ਫੰਡ ਰੇਜ





ਸ਼ਕਾਮਿਸ਼:-ਨੀਤਾਂ ਨੂੰ ਹੀ ਮਿਲਣ ਮੁਰਾਦਾਂ ਮਿਹਨਤ ਨੂੰ ਫਲ ਲੱਗਦੇ ਨੇ,ਹੋਵੇ ਰੱਬ ਦੀ ਰਜਾ ਤਾਂ ਪਾਣੀ ਉੱਪਰ ਨੂੰ ਵੀ ਵਗਦੇ ਨੇ। ਇਹ ਸਤਰਾਂ ਉਸ ਵੇਲੇ ਸੱਚ ਹੋਈਆਂ ਜਦੋਂ ਪਿਛਲੀ ਦਿਨੀ 15 ਅਗਸਤ 2026 ਦਿਨ ਸ਼ਨੀਵਾਰ ਨੂੰ ਸ਼ਕਾਮਿਸ਼ ਵਿਖੇ ਪੰਜਾਬੀ ਬੀਬੀਆਂ ਵੱਲੋਂ ਰਲ਼ ਕੇ ਇੱਕ ਹੰਬਲਾ ਮਾਰਿਆ ਗਿਆ। ਸ਼ਕਾਮਿਸ਼ ਹਸਪਤਾਲ ਲਈ ਕੀਤੇ ਫੰਡ ਰੇਜਿੰਗ ਨੂੰ ਹੈਰਾਨੀ ਜਨਕ ਸਫਲਤਾ ਮਿਲੀ। ਇਹ ਇੱਕ ਪੰਥ ਦੋ ਕਾਜ ਵਾਲੀ ਗੱਲ ਸੀ ਕਿਉਂਕਿ ਜਿਸ ਦਾ ਮੁੱਖ ਉਦੇਸ਼ ਹਸਪਤਾਲ ਲਈ ਡੋਨੇਸ਼ਨ ਇਕੱਠੀ ਕਰਨਾ ਸੀ ਪਰ ਨਾਲ ਹੀ ਸਾਰੀਆਂ ਭੈਣਾਂ ਨੂੰ ਇਕੱਠੇ ਹੋ ਕੇ ਡਿਨਰ ਕਰਨ ਅਤੇ ਖੁਸ਼ ਹੋਣ ਦਾ ਸਮਾਂ ਪ੍ਰਾਪਤ ਵੀ ਹੋਇਆ। ਇਸ ਸਮਾਗਮ ਵਿੱਚ ਹਰ ਕੋਈ ਬਹੁਤ ਖੁਸ਼ ਨਜ਼ਰ ਆਇਆ। ਸਾਰੇ ਵਲੰਟਰੀਅਰਜ਼ ਦੀ ਮਿਹਨਤ ਅਤੇ ਕਮਿਊਨਟੀ ਦੇ ਸਹਿਯੋਗ ਸਦਕਾ 25,500 ਡਾਲਰ ਇਕੱਠੇ ਹੋਏ। ਜਦੋਂ ਇਹੋ ਜਿਹੇ ਚੰਗੇ ਕੰਮ ਕੀਤੇ ਜਾਂਦੇ ਹਨ ਤਾਂ ਸਾਰੀ ਕਮਿਊਨਿਟੀ ਦਾ ਨਾਮ ਬੜੇ ਮਾਣ ਨਾਲ ਲਿਆ ਜਾਂਦਾ ਹੈ। ਪਰਮਾਤਮਾ ਜਦੋਂ ਸੇਵਾ ਲੈਂਦਾ ਹੈ ਤਾਂ ਸੋਚ ਨੂੰ ਆਪ ਹੀ ਉੱਚਾ ਕਰ ਦਿੰਦਾ ਹੈ। ਸ਼ਕਾਮਿਸ਼ ਹਸਪਤਾਲ ਵਿੱਚ ਕੰਮ ਕਰਨ ਵਾਲੀਆਂ ਬੀਬੀਆਂ ਦੀ ਸੁਲਝੀ ਸੋਚ ਇਹ ਰੰਗ ਲਿਆ ਸਕੀ ਜਿਨਾ ਇਸ ਈਵੈਂਟ ਨੂੰ ਕਰਨ ਕਈ ਯਤਨ ਕੀਤੇ। ਬੀਬੀ ਜੋਤੀ ਕੌਰ ਤਿਹਾੜਾ ਨੇ ਬੜੀ ਜ਼ਿੰਮੇਵਾਰੀ ਦਾ ਕੰਮ ਬਹੁਤ ਹੀ ਖੁਸ਼ੀ ਨਾਲ ਸਿਰੇ ਚੜਾਇਆ। ਸਕਾਮਿਸ਼ ਸ਼ਹਿਰ ਛੋਟਾ ਹੋਣ ਕਰਕੇ ਹਸਪਤਾਲ ਦੀਆਂ ਕਈ ਸੇਵਾਵਾਂ ਲਈ ਵੈਨਕੂਵਰ ਜਾਂ ਵਿਸਲਰ ਜਾਣਾ ਪੈਂਦਾ ਸੀ। ਜ਼ਿਕਰਯੋਗ ਹੈ ਕਿ ਪਹਿਲਾਂ ਵੀ ਸ਼ਕਾਮਿਸ਼ ਦੀਆਂ ਨੌਜਵਾਨ ਬੀਬੀਆਂ ਵੱਲੋਂ ਰਲ ਕੇ ਸੀਟੀ ਸਕੈਨ ਮਸ਼ੀਨ ਲਈ ਡੋਨੇਸ਼ਨ ਦਿੱਤੀ ਗਈ (ਬਾਕੀ ਸਫਾ ਬੀ-6 ਤੇ)


Award Winner Realtor in Fraser Valley
*RESIDENTIAL *COMMERCIAL *AGRICULTURAL
ਘਰ, ਬੇਰੀ ਫਾਰਮ, ਖਾਲੀ ਜ਼ਮੀਨ, ਲਾਟ ਜਾਂ ਵਪਾਰਕ ਜਾਇਦਾਦ ਖਰੀਦਣ ਜਾਂ ਵੇਚਣ ਵੇਲੇ ਵਾਜਬ ਰੇਟ ਅਤੇ ਸ਼ਾਨਦਾਰ ਸੇਵਾਵਾਂ ਲਈ ਹਮੇਸ਼ਾਂ ਯਾਦ ਰੱਖੋ
2026
DR. GURVINDER SINGH DHALIWAL
604-825-1550
gurvindersinghprec@gmail.com
WEBSITE: WWW.GURVINDERSINGHDHALIWAL.COM

ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਵਲੋਂ ਗ਼ਦਰ ਪਾਰਟੀ ਦੇ ਮਹਾਨ ਯੋਧਿਆਂ ਨੂੰ ਸਮਰਪਿਤ
ਸ਼ਹੀਦ ਭਾਈ ਕਰਮ ਸਿੰਘ ਬੱਬਰ
ਮੈਮੋਰੀਅਲ ਟੂਰਨਾਮੈਂਟ
28,29,30 ਅਗਸਤ 2026
FRIDAY, SATURDAY & SUNDAY
(ਵਧੇਰੇ ਜਾਣਕਾਰੀ ਲਈ ਇਸ਼ਤਿਹਾਰ ਸਫਾ ਬੀ-9 ਤੇ ਪੜ੍ਹੋ)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ • ਡੈਂਟਲ ਤੇ ਮੈਡੀਕਲ ਪਲੈਨ• ਆਰ ਈ ਐਸ ਪੀ, ਆਰ ਆਰ ਐਸ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ • ਕ੍ਰਿਟੀਕਲ ਇਲਨੈਸ ਇੰਸ਼ੋਰੈਂਸ • ਪਰੋਵਿੰਸ ਤੋਂ ਬਾਹਰ ਕਵਰੇਜ • ਸਪੈਸ਼ਲ ਡਿਸਅਬਿਲਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ | ਡਾਲਰ ਦਾ ਸਭ ਤੋਂ ਵਧੀਆ ਰੇਟ
604-562-7000, 604-314-0000
#397-8148-128 ST. (PAYAL BUSINESS CENTRE) SURREY

BRILLIANT COACH LABOUR CONTRACTING LTD
ਕੈਨਰੀ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਰਸਬੇਰੀ, ਸਟਰਾਅ ਬੇਰੀ, ਬਲਿਊ ਬੇਰੀ ਅਤੇ ਬਲੈਕ ਬੇਰੀ ਤੋੜਨ ਵਾਸਤੇ ਵਰਕਰਾਂ ਦੀ ਲੋੜ ਹੈ।
ਸਾਨੂੰ ਕਲਾਸ 4 ਅਤੇ 5 ਡਰਾਈਵਰਾਂ ਦੀ ਵੀ ਲੋੜ ਹੈ।
ਹੋਰ ਜਾਣਕਾਰੀ ਲਈ ਫੋਨ ਕਰੋ
778-536-0693

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ। ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

MOHIE Travel Ltd.
#122-32083 Hillcrest Ave, Abbotsford
• DOMESTIC & INTERNATIONAL TICKETS • TOURS • CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan 604-746-9222
Email:mohietravel@gmail.com

Universal Auto Collision Ltd.
We Moved To New Location
27441-FRASER HWY. ALDERGROVE, BC
» ਆਈ. ਸੀ. ਬੀ. ਕਲੇਮਜ਼ » ਪ੍ਰਾਈਵੇਟ ਕਲੇਮਜ਼ » ਫਰੀ ਐਸਟੀਮੇਟ » ਫਰੀ ਕਰਟਸੀ ਕਾਰ » ਆਟੋ ਗਲਾਸ ਰਿਪਲੇਸਮੈਂਟ
• ICBC Claims • Private Claims • Free Courtesy Cars • Auto Glass Replacement • Free Estimates
Fax: 604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ
778-552-0305


FARM AND SPICE
FARM AND SPICE
Weekly Special
*Special Sampling in Certain Stores*
Aug 28 – Sep 03
ਲੰਬੀ ਮਿਰਚ
Hot Long Chilli
Per lb
$1.79
ਹਰੀ ਸ਼ਿਮਲਾ ਮਿਰਚ
Green Pepper
Per lb
$1.49
ਅਦਰਕ
Ginger
Per lb
$1.49
ਬੈਂਗਣ
Baby Eggplant
Per lb
$1.49
ਗਾਜਰ
Red Fruit Carrot
Per lb
$1.49
ਸੇਬ
Apple Gala BC
Per lb
$1.49
ਰੁਸੈਟ ਆਲੂ
Russet Potato
10 Lbs
$3.99
ਨਾਰੀਅਲ
Young Coconut
2 for
$5.00
ਸ਼ੇਰ ਦਾਲਾ
Sher Kala Chana, Kabuli Cickpeas & Light Kidney Beans
4 Lbs
$5.99
ਕਨੋਲਾ ਤੇਲ
Canaddin Pride Canola Oil
3 Ltrs
$10.99
NANAK
ਨਾਨਕ ਵੈਜੀ ਬਰਗਰ ਪੈਟੀ
Nanak Veggie Burger Patty
850 gms
$8.99
NANAK
ਨਾਨਕ ਰਸਮਲਾਈ
Nanak Rasmalai Assorted
850 gms
$8.99
SAVERA PANEER
ਸਵੇਰਾ ਪਨੀਰ
Savera Paneer
341 gms
$3.99
NOVARAA
ਨੋਵਾਰਾ ਬਾਸਮਤੀ
Novaraa Basmati
5 Kg
$9.99
Ghee
ਵੇਰਕਾ ਦੇਸੀ ਘਿਓ
Verka Desi Ghee
3 Kg
$39.99
BAAZ
ਬਾਜ਼ ਆਟਾ
Baaz Drum Wheat Atta
20 Lbs
$10.99
*while supply last
Open 7 Days a Week
8:30 am to 10:00 pm
farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# ਰਾਹੁਲ ਗਾਂਧੀ ਦੇ ਬਿਆਨ ਮਗਰੋਂ ਮੰਨੂਸਮ੍ਰਿਤੀ ‘ਤੇ ਫਿਰ ਮਘੀ ਚਰਚਾ

ਦਿੱਲੀ:-ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਦੇ ਹਾਲ ਹੀ ਵਿੱਚ ਦਿੱਤੇ ਬਿਆਨ ਤੋਂ ਬਾਅਦ ਇੱਕ ਵਾਰ ਫਿਰ ਮਨੂਸਮ੍ਰਿਤੀ ਨੂੰ ਲੈ ਕੇ ਬਹਿਸ ਛਿੜ ਗਈ ਹੈ।ਰਾਹੁਲ ਗਾਂਧੀ ਨੇ ਮਨੂਸਮ੍ਰਿਤੀ ਦੀ ਅਲੋਚਨਾ ਕਰਦਿਆਂ ਕਿਹਾ ਸੀ ਕਿ ਇਸ ਵਿੱਚ ਔਰਤ ਵਿਰੋਧੀ ਗੱਲਾਂ ਲਿਖੀਆਂ ਗਈਆਂ ਹਨ।ਪੂਣੇ ਵਿੱਚ ਸ਼ਨੀਵਾਰ ਨੂੰ ‘ਛਾਤਰੋਂ ਕੀ ਗੂੰਜ’ ਪ੍ਰੋਗਰਾਮ ਵਿੱਚ ਰਾਹੁਲ ਗਾਂਧੀ ਨੇ ਮਨੂਸਮ੍ਰਿਤੀ ਦਾ ਜ਼ਿਕਰ ਕੀਤਾ। ਇਸ ਤੋਂ ਬਾਅਦ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਉਨ੍ਹਾਂ ਦੀ ਆਲੋਚਨਾ ਕੀਤੀ।ਰਾਹੁਲ ਨੇ ਮਨੂਸਮ੍ਰਿਤੀ ਵਿੱਚ ਔਰਤਾਂ ਬਾਰੇ ਲਿਖੇ ਇੱਕ ਹਵਾਲੇ ਨੂੰ ਸ਼ਰਮਨਾਕ ਦੱਸਿਆ। ਉਨ੍ਹਾਂ ਕਿਹਾ, “ਔਰਤਾਂ ਕਿਸੇ ਦੇ ਅਧੀਨ ਨਹੀਂ ਹੋ ਸਕਦੀਆਂ।“

ਰਾਹੁਲ ਗਾਂਧੀ ਨੇ ਕਿਹਾ, “ਇੱਕ ਸਮੱਸਿਆ ਹੈ ਅਤੇ ਕਾਫ਼ੀ ਵੱਡੀ ਸਮੱਸਿਆ ਹੈ। ਜਦੋਂ ਵੀ ਮੈਂ ਮਰਦਾਂ ਨਾਲ ਗੱਲ ਕਰਦਾ ਹਾਂ ਤਾਂ ਔਰਤਾਂ ਨੂੰ ਤਿੰਨ ਖਾਨਿਆਂ ਵਿੱਚ ਰੱਖਿਆ ਜਾਂਦਾ ਹੈ- ਧੀ, ਪਤਨੀ ਜਾਂ ਮਾਂ ਦੇ ਰੂਪ ਵਿੱਚ।“ਉਨ੍ਹਾਂ ਕਿਹਾ, “ਮਾਂ, ਪਤਨੀ ਅਤੇ ਧੀ ਦੇ ਰੂਪ ਵਿੱਚ ਦੇਖੇ ਜਾਣ ਵਿੱਚ ਕੋਈ ਬੁਰਾਈ ਨਹੀਂ ਹੈ ਪਰ ਸਿਰਫ਼ ਇਹੀ ਇੱਕ ਤੁਹਾਡੀ ਪਛਾਣ ਨਹੀਂ ਹੋ ਸਕਦੀ।“

ਮਨੂਸਮ੍ਰਿਤੀ ਵਿੱਚ ਦਲਿਤਾਂ ਅਤੇ ਔਰਤਾਂ ਬਾਰੇ ਕਈ ਅਜਿਹੇ ਸ਼ਲੋਕ ਹਨ, ਜਿਨ੍ਹਾਂ ਕਾਰਨ ਅਕਸਰ ਵਿਵਾਦ ਪੈਦਾ ਹੁੰਦੇ ਰਹੇ ਹਨ”ਇੱਕ ਕੁੜੀ ਨੂੰ ਹਮੇਸ਼ਾ ਆਪਣੇ ਪਿਤਾ ਦੀ ਸੁਰੱਖਿਆ ਹੇਠ ਰਹਿਣਾ ਚਾਹੀਦਾ ਹੈ। ਵਿਆਹ ਤੋਂ ਬਾਅਦ ਉਸ ਦਾ ਪਤੀ ਉਸ ਦਾ ਰੱਖਿਅਕ ਹੋਣਾ ਚਾਹੀਦਾ ਹੈ ਅਤੇ ਪਤੀ ਦੀ ਮੌਤ ਤੋਂ ਬਾਅਦ ਉਸ ਨੂੰ ਆਪਣੇ ਬੱਚਿਆਂ ਦੀ ਮਿਹਰਬਾਨੀ ‘ਤੇ ਨਿਰਭਰ ਰਹਿਣਾ ਚਾਹੀਦਾ ਹੈ। ਕਿਸੇ ਵੀ ਹਾਲਾਤ ਵਿੱਚ ਇੱਕ ਔਰਤ ਆਜ਼ਾਦ ਨਹੀਂ ਹੋ ਸਕਦੀ।

ਇਤਿਹਾਸਕਾਰ ਨਰਹਰ ਕੁਰੁੰਦਕਰ ਹੁਣ ਤੱਕ ਮਨੂਸਮ੍ਰਿਤੀ ‘ਤੇ ਕਈ ਲੈਕਚਰ ਦੇ ਚੁੱਕੇ ਹਨ। ਇਨ੍ਹਾਂ ਤਿੰਨ ਭਾਸ਼ਣਾਂ ਨੂੰ ਇੱਕ ਕਿਤਾਬ ਦਾ ਰੂਪ ਦਿੱਤਾ ਗਿਆ ਹੈ, ਜੋ ਮਨੂਸਮ੍ਰਿਤੀ ਦੇ ਅੰਦਰ ਦੀ ਦੁਨੀਆ ਬਾਰੇ ਦੱਸਦੀ ਹੈ।

ਕੁਰੁੰਦਕਰ ਮਨੂਸਮ੍ਰਿਤੀ ਬਾਰੇ ਆਪਣੀ ਸੋਚ ਦੱਸਦਿਆਂ ਕਹਿੰਦੇ ਹਨ, “ਮੈਂ ਉਨ੍ਹਾਂ ਲੋਕਾਂ ਵਿੱਚ ਸ਼ਾਮਿਲ ਹਾਂ ਜੋ ਮਨੂਸਮ੍ਰਿਤੀ ਨੂੰ ਸਾੜਨ ਵਿੱਚ ਵਿਸ਼ਵਾਸ ਰੱਖਦੇ ਹਨ।“ਬ੍ਰਾਹਮਣਾਂ ਦੇ ਦਬਦਬੇ ਲਈ ਮਨੂਸਮ੍ਰਿਤੀ?

ਇਤਿਹਾਸਕਾਰ ਰਾਜੀਵ ਲੋਚਨ ਦੱਸਦੇ ਹਨ, “ਜਦੋਂ ਬੁੱਧ ਸੰਘਾਂ ਦੀ ਭਾਰਤ ਵਿੱਚ ਪ੍ਰਸਿੱਧੀ ਵਧਣ ਲੱਗੀ ਤਾਂ ਬ੍ਰਾਹਮਣਾਂ ਨੇ ਆਪਣਾ ਦਬਦਬਾ ਘੱਟਦਾ ਦੇਖ ਕੇ ਇਸ ਕਿਤਾਬ ਨੂੰ ਲਿਖ ਕੇ ਆਪਣਾ ਪ੍ਰਭਾਵ ਮੁੜ ਕਾਇਮ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਇਹ ਧਾਰਨਾ ਬਣਾਈ ਕਿ ਸਮਾਜ ਵਿੱਚ ਬ੍ਰਾਹਮਣ ਦਾ ਸਥਾਨ ਸਭ ਤੋਂ ਉੱਪਰ ਹੈ ਅਤੇ ਸਮਾਜ ਵਿੱਚ ਬ੍ਰਾਹਮਣਾਂ ਅਤੇ ਹੋਰ ਲੋਕਾਂ ਲਈ ਵੱਖ-ਵੱਖ ਨਿਯਮ ਹਨ।“

“ਵਰਣਾਂ ਮੁਤਾਬਕ, ਇਸੇ ਕਾਰਨ ਬ੍ਰਾਹਮਣਾਂ ਨੂੰ ਘੱਟ ਸਜ਼ਾ ਮਿਲਦੀ ਸੀ, ਜਦਕਿ ਦੂਜੇ ਲੋਕਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਂਦੀ ਸੀ। ਇਹ ਕਿਹਾ ਗਿਆ ਕਿ ਜੋ ਵਿਅਕਤੀ ਗ਼ਲਤ ਕੰਮ ਕਰੇਗਾ, ਉਸ ਨੂੰ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ। ਇਹ ਕਿਤਾਬ ਦੱਸਦੀ ਹੈ ਕਿ ਕਿਸੇ ਵੀ ਹਾਲਤ ਵਿੱਚ ਬ੍ਰਾਹਮਣਾਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ।“

“ਕਿਸੇ ਵੀ ਔਰਤ ਦਾ ਕਲਿਆਣ ਉਦੋਂ ਹੀ ਹੋ ਸਕਦਾ ਹੈ, ਜਦੋਂ ਇੱਕ ਮਰਦ ਦਾ ਕਲਿਆਣ ਹੋ ਜਾਵੇ। ਇੱਕ ਔਰਤ ਨੂੰ ਕਿਸੇ ਤਰ੍ਹਾਂ ਦੇ ਧਾਰਮਿਕ ਅਧਿਕਾਰ ਨਹੀਂ ਹਨ। ਉਹ ਆਪਣੇ ਪਤੀ ਦੀ ਸੇਵਾ ਕਰਕੇ ਸਵਰਗ ਪ੍ਰਾਪਤ ਕਰ ਸਕਦੀ ਹੈ। ਮਨੂਸਮ੍ਰਿਤੀ ਵਿੱਚ ਇਹੀ ਸਭ ਲਿਖਿਆ ਹੈ।“ਪਰ ਇਨ੍ਹਾਂ ਵਿਚਾਰਾਂ ਨੂੰ ਚੁਣੌਤੀ ਕਿਸ ਨੇ ਦਿੱਤੀ?

ਮਨੂਸਮ੍ਰਿਤੀ ਨੇ ‘ਸ਼ੂਦਰਾਂ’ ਦੇ ਸਿੱਖਿਆ ਹਾਸਲ ਕਰਨ ਦੇ ਅਧਿਕਾਰ ਨੂੰ ਨਕਾਰ ਦਿੱਤਾ ਸੀ। ਉਸ ਸਮੇਂ ਸਿੱਖਿਆ ਦੇਣ ਦਾ ਤਰੀਕਾ ਮੌਖਿਕ ਹੁੰਦਾ ਸੀ। ਅਜਿਹੇ ਵਿੱਚ ਕੁਝ ਬ੍ਰਾਹਮਣਾਂ ਨੂੰ ਛੱਡ ਕੇ ਕੋਈ ਇਹ ਨਹੀਂ ਜਾਣਦਾ ਕਿ ਮਨੂਸਮ੍ਰਿਤੀ ਆਖ਼ਰ ਕੀ ਹੈ।ਵਿਲੀਅਮ ਜੋਨਾਸ ਨੇ ਮਨੂਸਮ੍ਰਿਤੀ ਦਾ ਅੰਗ੍ਰੇਜ਼ੀ ਵਿੱਚ ਅਨੁਵਾਦ ਕੀਤਾ ਹੈ। ਇਸ ਕਾਰਨ ਲੋਕਾਂ ਨੂੰ ਇਸ ਕਿਤਾਬ ਬਾਰੇ ਪਤਾ ਲੱਗਾ।ਰਾਜੀਵ ਲੋਚਨ ਦੱਸਦੇ ਹਨ, “ਮਹਾਤਮਾ ਜੋਤਿਬਾ ਫੂਲੇ ਮਨੂਸਮ੍ਰਿਤੀ ਨੂੰ ਚੁਣੌਤੀ ਦੇਣ ਵਾਲੇ ਪਹਿਲੇ ਵਿਅਕਤੀ ਸਨ। ਖੇਤੀਬਾੜੀ ਮਜ਼ਦੂਰਾਂ, ਸੀਮਾਂਤ ਕਿਸਾਨਾਂ ਅਤੇ ਸਮਾਜ ਦੇ ਹੋਰ ਵੰਚਿਤ ਅਤੇ ਸ਼ੋਸ਼ਿਤ ਵਰਗਾਂ ਦੀ ਮਾੜੀ ਹਾਲਤ ਦੇਖ ਕੇ ਉਨ੍ਹਾਂ ਨੇ ਬ੍ਰਾਹਮਣਾਂ ਅਤੇ ਵਪਾਰੀਆਂ ਦੀ ਅਲੋਚਨਾ ਕੀਤੀ।“ਡਾ. ਬਾਬਾ ਸਾਹਿਬ ਅੰਬੇਡਕਰ ਨੇ 25 ਦਸੰਬਰ 1927 ਨੂੰ ਮਹਾਰਾਸ਼ਟਰ ਦੇ ਕੋਲਾਬਾ ਜ਼ਿਲ੍ਹੇ (ਮੌਜੂਦਾ ਰਾਇਗੜ੍ਹ) ਦੇ ਮਹਾਡ ਵਿੱਚ ਜਨਤਕ ਤੌਰ ‘ਤੇ ਮਨੂਸਮ੍ਰਿਤੀ ਨੂੰ ਸਾੜਿਆ ਸੀ।

ਅੰਬੇਡਕਰ ਆਪਣੀ ਕਿਤਾਬ ‘ਫ਼ਿਲਾਸਫ਼ੀ ਆਫ਼ ਹਿੰਦੂਇਜ਼ਮ’ ਵਿੱਚ ਲਿਖਦੇ ਹਨ, “ਮਨੂ ਨੇ ਚਾਰ ਵਰਣ ਵਿਵਸਥਾ ਦੀ ਵਕਾਲਤ ਕੀਤੀ ਸੀ। ਮਨੂ ਨੇ ਇਨ੍ਹਾਂ ਚਾਰ ਵਰਣਾਂ ਨੂੰ ਵੱਖ-ਵੱਖ ਰੱਖਣ ਦੀ ਗੱਲ ਕਰਕੇ ਜਾਤੀ ਵਿਵਸਥਾ ਦੀ ਨੀਂਹ ਰੱਖੀ।ਉਨ੍ਹਾਂ ਨੇ ਮਨੂਸਮ੍ਰਿਤੀ ਦੇ ਵਿਰੋਧ ਨੂੰ ਆਪਣੀਆਂ ਕਿਤਾਬਾਂ ‘ਕੌਣ ਥੇ ਸ਼ੂਦਰ’ ਅਤੇ ‘ਜਾਤੀ ਕਾ ਅੰਤ’ ਵਿੱਚ ਵੀ ਦਰਜ ਕਰਵਾਇਆ ਹੈ।ਉਸ ਦੌਰ ਵਿੱਚ ਦਲਿਤਾਂ ਅਤੇ ਔਰਤਾਂ ਨੂੰ ਆਮ ਜ਼ਿੰਦਗੀ ਜੀਣ ਦਾ ਅਧਿਕਾਰ ਨਹੀਂ ਸੀ। ਇਸ ਦੇ ਨਾਲ ਹੀ ਬ੍ਰਾਹਮਣਾਂ ਦੇ ਪ੍ਰਭਾਵ ਕਾਰਨ ਜਾਤੀ ਵਿਵਸਥਾ ਦਾ



ਜਨਮ ਹੋਇਆ।ਡਾ. ਅੰਬੇਡਕਰ ਦੱਸਦੇ ਹਨ ਕਿ ਜਾਤੀ ਵਿਵਸਥਾ ਇੱਕ ਕਈ ਮੰਜ਼ਿਲਾ ਇਮਾਰਤ ਵਰਗੀ ਹੁੰਦੀ ਹੈ, ਜਿਸ ਵਿੱਚ ਇੱਕ ਮੰਜ਼ਿਲ ਤੋਂ ਦੂਜੀ ਮੰਜ਼ਿਲ ‘ਤੇ ਜਾਣ ਲਈ ਕੋਈ ਪੌੜੀ ਨਹੀਂ ਹੁੰਦੀ।ਉਨ੍ਹਾਂ ਕਿਹਾ ਸੀ, “ਵਰਣ ਵਿਵਸਥਾ ਬਣਾ ਕੇ ਸਿਰਫ਼ ਕੰਮਾਂ ਦੀ ਹੀ ਵੰਡ ਨਹੀਂ ਕੀਤੀ ਗਈ, ਸਗੋਂ ਕੰਮ ਕਰਨ ਵਾਲੇ ਲੋਕਾਂ ਦੀ ਵੀ ਵੰਡ ਕਰ ਦਿੱਤੀ ਗਈ।“


## ਮੰਨੂਵਾਦੀ ਅਤੇ ਮੂਲ ਨਿਵਾਸੀ

ਅੰਬੇਡਕਰ ਵੱਲੋਂ ਮਨੂਸਮ੍ਰਿਤੀ ਸਾੜੇ ਜਾਣ ਤੋਂ ਬਾਅਦ ਦੇਸ਼ ਭਰ ਵਿੱਚ ਕਈ ਥਾਵਾਂ ‘ਤੇ ਇਸ ਕਿਤਾਬ ਨੂੰ ਸਾੜਿਆ ਗਿਆ। ਇਸ ਨਾਲ ਅਖ਼ਬਾਰਾਂ ਵਿੱਚ ਦੇਸ਼ ਅਤੇ ਸਮਾਜ ‘ਤੇ ਮਨੂਸਮ੍ਰਿਤੀ ਦੇ ਪ੍ਰਭਾਵ ਵਰਗੇ ਮੁੱਦਿਆਂ ‘ਤੇ ਚਰਚਾ ਸ਼ੁਰੂ ਹੋ ਗਈ।ਇਹ ਚਰਚਾਵਾਂ ਭਾਰਤ ਦੀ ਆਜ਼ਾਦੀ ਤੋਂ ਬਾਅਦ ਵੀ ਜਾਰੀ ਰਹੀਆਂ।

ਸਾਲ 1970 ਵਿੱਚ ਕਾਂਸ਼ੀ ਰਾਮ ਨੇ ਬਾਮਸੇਫ਼ ਦੀ ਸਥਾਪਨਾ ਕੀਤੀ ਅਤੇ ਐਲਾਨ ਕੀਤਾ ਕਿ ਸਮਾਜ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ ਜਿਨ੍ਹਾਂ ਵਿੱਚੋਂ ਇੱਕ ਹਿੱਸਾ ਮਨੁਵਾਦੀ ਹੈ ਅਤੇ ਦੂਜਾ ਹਿੱਸਾ ਮੂਲ ਨਿਵਾਸੀ ਹੈ।


ਜੇਐਨਯੂ ਵਿੱਚ ਪੜ੍ਹਾਉਣ ਵਾਲੇ ਪ੍ਰੋਫੈਸਰ ਵਿਵੇਕ ਕੁਮਾਰ ਕਹਿੰਦੇ ਹਨ, (ਬਾਕੀ ਸਫਾ ਬੀ-12 ਤੇ)










# ਕਾਂਗਰਸ ਵਿੱਚ ਹੁਣ ਹੋਰ ਪਿਆ ਕਲੇਸ਼:ਸੱਜਣ ਕੁਮਾਰ ਦੀ ਮੌਤ ਤੇ ਚੰਨੀ ਨੇ ਘੇਰਿਆ ਹੁੱਡਾ

## ਸੱਜਣ ਕੁਮਾਰ ਵਰਗੇ ਕਾਤਲ ਵਿਅਕਤੀ ਨੂੰ ਚੌਂਕ ਵਿੱਚ ਖੜ੍ਹਾ ਕੇ ਦੇਣੀ ਚਾਹੀਦੀ ਸੀ ਫ਼ਾਂਸੀ:ਚੰਨੀ

ਬਠਿੰਡਾ(ਅਨਿਲ ਵਰਮਾ):ਪੰਜਾਬ ਪ੍ਰਧਾਨ ਦੀ ਦਾਅਵੇਦਾਰੀ ਨੂੰ ਲੈਕੇ ਬਗਾਵਤ ਕਰਨ ਨੂੰ ਵਾਲੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਕਾਂਗਰਸੀ ਆਗੂ ਅਤੇ 84 ਕਤਲੇਆਮ ਦੇ ਮੁੱਖ ਦੋਸ਼ੀ ਸੱਜਣ ਕੁਮਾਰ ਦੀ ਮੌਤ ਤੇ ਕਾਂਗਰਸ ਦੇ ਹੀ ਸੀਨੀਅਰ ਆਗੂ ਦਪਿੰਦਰ ਹੁੱਡਾ ਦੇ ਆਏ ਬਿਆਨ ਤੇ ਆਈ ਤਿੱਖੀ ਪ੍ਰੀਤੀਕਿਰਿਆ ਕਰਕੇ ਨਵਾਂ ਵਿਵਾਦ ਖੜਾ ਹੋ ਗਿਆ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸੱਜਣ ਕੁਮਾਰ ਨੂੰ ਦਪਿੰਦਰ ਹੁੱਡਾ ਵੱਲੋਂ ਰੋਲ ਮਾਡਲ ਦੱਸਣ ਤੇ ਪਾਰਾ ਭੱਖਦਾ ਹੋਇਆ ਨਜ਼ਰ ਆਇਆ ਅਤੇ ਉਹਨਾਂ ਹੁੱਡਾਂ ਨੂੰ ਨਿਸ਼ਾਨੇ ਤੇ ਲਿਆ।



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਸੱਜਣ ਕੁਮਾਰ ਵਰਗੇ ਕਾਤਲ ਵਿਅਕਤੀ ਕਦੇ ਵੀ ਰੋਲ ਮਾਡਲ ਨਹੀਂ ਹੋ ਸਕਦੇ ਕਿਉਂਕਿ ਸੱਜਣ ਕੁਮਾਰ ਸਿੱਖ ਕੌਮ ਦਾ ਕਾਤਲ ਹੈ ਤੇ ਇਸ ਦਾ ਨਾਮ ਲੈਣਾ ਵੀ ਪਾਪ ਹੈ। ਉਹਨਾਂ ਕਿਹਾ ਕਿ ਸੱਜਣ ਕੁਮਾਰ ਨੇ ਮਾਨਵਤਾ ਤੇ ਸਿੱਖਾਂ ਦਾ ਕਤਲ ਕਰਵਾਇਆ ਸੀ ਤਾਂ ਹੀ ਜੇਲ ਦੀ ਸਜ਼ਾ ਭੁਗਤਨ ਲਈ ਜੇਲ ਜਾਣਾ ਪਿਆ ਅਤੇ ਜੇਲ ਵਿੱਚ ਹੀ ਉਸ ਦੀ ਦਰਦਨਾਕ ਮੌਤ ਹੋਈ। ਉਹਨਾਂ ਕਿਹਾ ਕਿ ਅਸਲ ਵਿੱਚ ਤਾਂ ਸੱਜਣ ਕੁਮਾਰ ਨੂੰ ਚੌਂਕ ਚ ਖੜਾ ਕੇ ਫਾਂਸੀ ਦੇਣੀ ਚਾਹੀਦੀ ਸੀ ਕਿਉਂਕਿ ਜਿਸ ਤਰੀਕੇ ਨਾਲ ਉਸਨੇ ਕਾਲੇ ਦੌਰ ਵਿੱਚ ਸਿੱਖਾਂ ਦਾ ਕਤਲ ਕਰਾਇਆ ਉਸ ਤਰ੍ਹਾਂ ਉਸਨੂੰ ਬੇਰਹਿਮੀ ਨਾਲ ਹੀ ਮਾਰ ਕੇ ਇਨਸਾਫ ਮਿਲਣਾ ਸੀ ਪ੍ਰੰਤੂ ਫਿਰ ਵੀ ਉਸਦੀ ਜੇਲ ਵਿੱਚ ਦਰਦਨਾਕ ਮੌਤ ਹੋਣੀ ਉਸ ਦੀ ਵੱਡੀ ਸਜ਼ਾ ਹੈ ਉਹਨਾਂ ਕਿਹਾ ਕਿ ਦਪਿੰਦਰ ਹੁੱਡਾ ਨੂੰ ਜੁਬਾਨ ਸੰਭਾਲ ਕੇ ਬਿਆਨ ਬਾਜ਼ੀ ਕਰਨੀ ਚਾਹੀਦੀ ਹੈ ਕਿਉਂਕਿ ਸੱਜਣ ਕੁਮਾਰ ਵਰਗੇ ਕਾਤਲ ਇਨਸਾਨ ਕਦੇ ਵੀ ਦੁਨੀਆਂ ਦੇ ਰੋਲ ਮਾਡਲ ਨਹੀਂ ਹੋ ਸਕਦੇ ਉਹਨਾਂ ਕਿਹਾ ਕਿ ਇਸ ਬਿਆਨ ਤੇ ਦਪਿੰਦਰ ਹੁੱਡਾ ਨੂੰ ਤੁਰੰਤ ਮਾਫੀ ਮੰਗਣੀ ਚਾਹੀਦੀ ਹੈ । ਉਹਨਾਂ ਕਿਹਾ ਕਿ ਕਾਂਗਰਸ ਦੀ ਲੀਡਰਸ਼ਿਪ ਨੂੰ ਵੀ ਦੇਖਣਾ ਚਾਹੀਦਾ ਹੈ ਕਿ ਜੋ ਇਨਸਾਨ ਸਿੱਖਾਂ ਦੇ ਕਤਲ ਲਈ ਜੇਲ ਕਿਹਾ ਅਤੇ ਜੇਲ ਵਿੱਚ ਹੀ ਸਜ਼ਾ ਭੁਗਤਦਿਆਂ ਉਸ ਦੀ ਮੌਤ ਹੋਈ ਇਸ ਤਰਾਂ ਦੇ ਵਿਅਕਤੀਆਂ ਦੇ ਨਾਮ ਤੇ ਕਾਂਗਰਸ ਨੂੰ ਆਪਣਾ ਫਾਇਦਾ ਨਹੀਂ ਲੈਣਾ ਚਾਹੀਦਾ ਬਲਕਿ ਇਨਸਾਫ ਲਈ ਭਟਕਦੇ ਉਹਨਾਂ ਲੋਕਾਂ ਦੇ ਜਖਮਾਂ ਤੇ ਮੱਲਮ ਲਾਉਣ ਦਾ ਯਤਨ ਕਰਨਾ ਚਾਹੀਦਾ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਆਪਣੇ ਹੀ ਪਾਰਟੀ ਦੇ ਸੀਨੀਅਰ ਕਾਂਗਰਸੀ ਆਗੂ ਦਪਿੰਦਰ ਹੁੱਡਾ ਦੇ ਇਸ ਬਿਆਨ ਤੇ ਆਈ ਤਿੱਖੀ ਪ੍ਰਤੀਕਿਰਿਆ ਨੇ ਹੁਣ ਨਵਾਂ ਵਿਵਾਦ ਖੜਾ ਕਰ ਦਿੱਤਾ ਹੈ। ਜ਼ਿਕਰ ਯੋਗ ਹੈ ਕਿ ਕਾਂਗਰਸ ਦੇ ਦਪਿੰਦਰ ਹੁੱਡਾ ਸੀਨੀਅਰ ਲੀਡਰ ਹਨ ਅਤੇ ਪਾਰਟੀ ਦੇ ਵੀ ਵੱਡੇ ਅਹੁਦਿਆਂ ਤੇ ਰਹਿ ਚੁੱਕੇ ਹਨ।


SAVVY
Immigration Services Inc.
iccrc crcic
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases
Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday


THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੈਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ

Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
12383-83A Ave, Surrey, BC

FIXMAN
GLASS REPAIR LTD
Auto
Residential
Commercial
"We Are The Clear Choice"
GLASS EXPRESS
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000

Mandeep Dhaliwal
www.fixmanglass.com Email:fixmanglass@gmail.com

Punjab TRAVELS
Special offer!
ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

ਜੀਵਨ ਸਿੰਘ ਮੋਗਾ
▸▸ ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
▸▸ ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
▸▸ ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
Ph : 604-825-3075, 604-744-4400
2642 Cedar Park Abbotsford, British Columbia V2T 3S5

SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

# ਸੱਜਣ ਕੁਮਾਰ ਨੂੰ ਰੋਲ ਮਾਡਲ ਦੱਸਣ ਕਾਰਨ ਕਾਂਗਰਸ ਦਾ ਅਸਲੀ ਚਿਹਰਾ ਫਿਰ ਆਇਆ ਸਾਹਮਣੇ:ਮਜੀਠੀਆ

ਬਠਿੰਡਾ:- ਲੋਕ ਸਭਾ ਮੈਂਬਰ ਦੁਪਿੰਦਰ ਹੁੱਡਾ ਵੱਲੋਂ 84 ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਰੋਲ ਮਾਡਲ ਦੱਸਣਾ ਨਿੰਦਣ ਯੋਗ ਹੈ।ਦੁਪਿੰਦਰ ਹੁੱਡਾ ਦੇ ਇਸ ਬਿਆਨ ਨੇ ਕਾਂਗਰਸ ਦਾ ਸਿੱਖ ਵਿਰੋਧੀ ਚਿਹਰਾ ਇੱਕ ਵਾਰ ਫਿਰ ਬੇਨਕਾਬ ਕਰ ਦਿੱਤਾ ਹੈ।ਜਿਸ ਕਰਕੇ ਕਾਂਗਰਸ ਨੂੰ ਚਾਹੀਦਾ ਹੈ ਕਿ ਉਹ ਦਪਿੰਦਰ ਹੁੱਡਾ ਨੂੰ ਪਾਰਟੀ ਵਿੱਚੋਂ ਬਾਹਰ ਕੱਢਣ ਅਤੇ ਲਿਖਤੀ ਤੌਰ ਤੇ ਇਸ ਬਿਆਨ ਤੇ 84 ਕਤਲੇਆਮ



ਦੇ ਪੀੜਤਾਂ ਤੋਂ ਮਾਫੀ ਮੰਗਣ।ਇਹਨਾਂ ਗੱਲਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਰਦੇ ਹੋਏ ਕਿਹਾ ਕਿ ਸੱਜਣ ਕੁਮਾਰ ਮਿਸਾਲ ਸੀ, ਉਸਦੀ ਮੌਤ ਨਾ ਪੂਰਾ ਹੋਣ ਵਾਲਾ ਘਾਟਾ ਹੈ ਦੁਪਿੰਦਰ ਹੂੱਡਾ ਦਾ ਇਹ ਬਿਆਨ ਅਤੀ ਨਿੰਦਣਯੋਗ ਹੈ।

ਉਨ੍ਹਾਂ ਹੁੱਡਾਂ ਨੂੰ ਪੁੱਛਿਆ ਕਿ ਮਿਸਾਲ ਕਿਸ ਗੱਲ ਦੀ?

ਇਸ ਗੱਲ ਦੀ ਕਿ ਕਿਵੇਂ ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ ਨੇ ਦਿੱਲੀ ਦੀਆਂ ਗਲੀਆਂ 'ਚ ਸਿੱਖਾਂ ਨੂੰ ਜਿਉਂਦਿਆਂ ਸਾੜਿਆ, ਧੀਆਂ ਦੀਆਂ ਇੱਜ਼ਤਾਂ ਲੁੱਟੀਆਂ, ਗਰਭਵਤੀ ਮਾਵਾਂ ਦੇ ਢਿੱਡ ਚੀਰੇ?

ਕਿਸ ਤਰ੍ਹਾਂ ਸਿੱਖਾਂ ਦੀਆਂ ਚੀਕਾਂ ਅਸਮਾਨ ਵਿੱਚ ਗੂੰਜ ਰਹੀਆਂ ਸਨ? ਉਹਨਾਂ ਕਿਹਾ ਕਿ ਲੱਖਾਂ ਸਿੱਖਾਂ ਦੀ ਨਸਲਕੁਸ਼ੀ ਕਰਾਉਣ ਵਾਲੇ ਤੁਹਾਡੇ ਲਈ "ਮਿਸਾਲ" ਨੇ ਜਾਂ ਮਿਜ਼ਾਇਲ? ਲੱਖ ਲਾਹਨਤ ਆ !ਮਜੀਠੀਆ ਨੇ ਕਿਹਾ ਕਿ ਜੇ ਇਹ ਮਿਸਾਲ ਹੈ ਤਾਂ ਤੁਹਾਡੇ ਕੋਲ ਹੋਰ ਕਿੰਨੀਆਂ ਲਾਸ਼ਾਂ ਦੀਆਂ ਮਿਸਾਲਾਂ ਪਈਆਂ ਨੇ?

ਉਹਨਾਂ ਅੱਗੇ ਕਿਹਾ ਕਿ ਪੰਜਾਬ ਕਾਂਗਰਸ ਜਵਾਬ ਦੇਵੇ-ਕੀ 1984 ਦੇ ਇਹ ਕਾਤਲ ਹੀ ਤੁਹਾਡੇ ਰੋਲ ਮਾਡਲ ਨੇ? ਕੀ ਇਹ ਕਾਂਗਰਸ ਪਾਰਟੀ ਦਾ ਅਧਿਕਾਰਿਕ ਬਿਆਨ ਹੈ?

# ਭਾਰਤ ਹਾਕੀ ਵਿਸ਼ਵ ਕੱਪ 'ਚੋਂ ਬਾਹਰ ਅਰਜਨਟੀਨਾ ਨੇ 5-3 ਨਾਲ ਹਰਾਇਆ



ਐਮਸਟੈਲਵੀਨ (ਨੀਦਰਲੈਂਡ): ਐਮਸਟੈਲਵੀਨ ਦੇ ਮੈਦਾਨ 'ਤੇ ਭਾਰਤੀ ਹਾਕੀ ਟੀਮ ਲਈ ਸੋਮਵਾਰ ਦਾ ਦਿਨ ਕਿਸੇ ਬੁਰੇ ਸੁਪਨੇ ਵਰਗਾ ਸਾਬਤ ਹੋਇਆ।ਪੁਰਸ਼ ਹਾਕੀ ਵਿਸ਼ਵ ਕੱਪ 2026 ਦੇ ਬਹੁਤ ਅਹਿਮ ਪੂਲ-ਈ ਮੈਚ ਵਿੱਚ ਅਰਜਨਟੀਨਾ ਨੇ ਭਾਰਤ ਨੂੰ 5-3 ਨਾਲ ਹਰਾ ਦਿੱਤਾ। ਇਸ ਹਾਰ ਦੇ ਨਾਲ ਹੀ ਭਾਰਤੀ ਟੀਮ ਟੂਰਨਾਮੈਂਟ ਦੇ ਸੈਮੀਫਾਈਨਲ ਵਿੱਚ ਪਹੁੰਚਣ ਦੀ ਦੌੜ ਤੋਂ ਪੂਰੀ ਤਰ੍ਹਾਂ ਬਾਹਰ ਹੋ ਗਈ।ਇਸ ਵਾਰ ਵੀ ਮੈਡਲ ਦੀਆਂ ਉਮੀਦਾਂ ਅਧੂਰੀਆਂ ਰਹਿ ਗਈਆਂ ਅਤੇ 51 ਸਾਲਾਂ ਤੋਂ ਚੱਲਿਆ ਆ ਰਿਹਾ ਖਿਤਾਬੀ ਸੋਕਾ ਖਤਮ ਨਹੀਂ ਹੋ ਸਕਿਆ। ਖਿਤਾਬ ਦੀ ਦੌੜ ਤੋਂ ਬਾਹਰ ਹੋਣ ਤੋਂ ਬਾਅਦ ਹੁਣ ਭਾਰਤ ਨੂੰ ਆਪਣੀ ਸਾਖ ਬਚਾਉਣ ਲਈ ਕਲਾਸੀਫਿਕੇਸ਼ਨ ਮੈਚ ਖੇਡਣਾ ਪਵੇਗਾ।ਭਾਰਤੀ ਟੀਮ 7ਵੇਂ ਸਥਾਨ ਦੇ ਮੁਕਾਬਲੇ ਵਿੱਚ ਬੈਲਜੀਅਮ ਨਾਲ ਭਿੜੇਗੀ।


SARDAR JI ACADEMY
...KNOWLEDGE TEST...
CAR, TRUCK, TAXI & AIR BRAKE



ਲਰਨਿੰਗ ਲਾਇਸੈਂਸ ਦੀ ਪੰਜਾਬੀ ਅਤੇ ਅੰਗਰੇਜੀ ਵਿਚ ਤਿਆਰੀ ਕਰਵਾਈ ਜਾਂਦੀ ਹੈ

FORKLIFT TRAINING
ਇਥੇ ਫੋਰਕਲਿਫਟ ਦੇ ਲਾਇਸੈਂਸ ਅਤੇ ਸਿਟੀਜਨਸ਼ਿਪ ਦੀ ਤਿਆਰੀ ਵੀ ਕਰਵਾਈ ਜਾਂਦੀ ਹੈ

Ph:778-892-4655
#201-12885-85Ave, Surrey
Near Gurdwara Dashmesh Darbar




LANGLEY BANQUET HALL



ਵਿਆਹ-ਸ਼ਾਦੀ, ਜਨਮ ਦਿਨ ਜਾ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ ਬੈਂਕੁਇਟ ਹਾਲ
ਬੁੱਕ ਕਰੋ।

• Wedding • Corporate Events
• Private Dinner • Bithday Parties
• Gurudwara and Live Catering

ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।



Call:Davinder S. Grewal
604-537-9759
info@langleybanquethall.com
3227 264 St UNIT #6, Aldergrove, BC V4W 2X3



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ
11267-125A St, Surrey, BC

*28 ਅਗਸਤ ਦਿਨ ਸ਼ੁੱਕਰਵਾਰ ਕਾਕਾ ਅੰਮ੍ਰਿਤਪਾਲ ਸਿੰਘ ਦੇ ਅਨੰਦ ਕਾਰਜ ਦੀ ਰਸਮ ਹੋਵੇਗੀ।
*29 ਅਗਸਤ ਦਿਨ ਸ਼ਨਿੱਚਰਵਾਰ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।
*30 ਅਗਸਤ ਦਿਨ ਐਤਵਾਰ ਸੁਖਮਨੀ ਸਾਹਿਬ ਦੇ ਪਾਠ ਦੀ ਸੇਵਾ ਜਸਪਾਲ ਸਿੰਘ ਬੋਪਾਰਾਏ ਪਰਿਵਾਰ ਵੱਲੋਂ ਹੋਵੇਗੀ।
*30 ਅਗਸਤ ਦਿਨ ਐਤਵਾਰ ਸ਼ਾਮ ਨੂੰ ਬੱਚਿਆਂ ਵੱਲੋਂ 6.30 ਤੋਂ 8 ਵਜੇ ਤੱਕ ਕੀਰਤਨ ਦੀ ਸੇਵਾ ਹੋਵੇਗੀ।
*22-27 ਅਗਸਤ ਤੱਕ ਕੈਂਪ ਸ਼ਬਦ ਸੁਰਤਿ ਸਮੇਲ ਭਾਈ ਡਿਪਟੀ ਸਿੰਘ ਜੀ ਵੱਲੋਂ
*ਅਗਲੇ 2 ਮਹੀਨੇ ਵਾਸਤੇ ਭਾਈ ਜੈਮਲ ਸਿੰਘ ਜੀ ਕਥਾ ਕਰਨਗੇ।



ਗੁਰਬਾਣੀ ਸਿਮਰਨ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੁੰਦੇ ਹਨ
ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ

ਰਾਗੀ ਜੱਥਾ: ਸਤਨਾਮ ਸਿੰਘ ਲੁਧਿਆਣੇ ਵਾਲੇ
ਕਥਾਵਾਚਕ: ਗਿਆਨੀ ਨਿਰਵੈਲ ਸਿੰਘ ਬੀੜ ਬਾਬਾ ਬੁੱਢਾ ਜੀ ਵਾਲੇ
ਤਬਲਾ ਸਿੱਖਣ ਲਈ ਸੰਪਰਕ ਕਰੋ: 604-585-0319

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ
ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

ਰੋਜਾਨਾ ਦੇ ਪ੍ਰੋਗਰਾਮ
ਸਵੇਰੇ
5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ
ਸ਼ਾਮ
6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਪੰਜਾਬ ਦੀ ਸਿਆਸਤ ਨੇ ਗਿਰਗਿਟ ਵਾਂਗੂ ਰੰਗ ਬਦਲੇ! ਪੰਜਾਬ ਲਵਾਰਿਸ, ਸਿਆਸੀ ਆਗੂ ਬਣੇ ਵਾਰਸ

ਇਹਨਾਂ ਦਿਨਾਂ ਵਿੱਚ ਪੰਜਾਬ ਅੰਦਰ ਲਵਾਰਿਸ ਸਿਆਸਤ ਦਾ ਜ਼ੋਰ ਹੈ। ਸਾਰੇ ਸਿਆਸੀ ਆਗੂਆਂ ਦੀ ਅੱਖ ਕੁਰਸੀ ਤੇ ਲੱਗੀ ਹੋਈ ਹੈ। ਉਹਨਾਂ ਨੂੰ ਇਹ ਕੋਈ ਫ਼ਿਕਰ ਨਹੀਂ ਕਿ ਪੰਜਾਬ ਲਵਾਰਿਸ ਪਿਆ ਹੈ ਤੇ ਸਿਆਸੀ ਆਗੂ ਉਸ ਦੇ ਵਾਰਸ ਬਣਨ ਲਈ ਆਪੋ-ਆਪਣੇ ਦਾਅਵੇ ਪੇਸ਼ ਕਰ ਰਹੇ ਹਨ। ਹਾਲਤ ਇਹ ਹੈ ਕਿ ਜਿਹੜੇ ਲੋਕ ਖ਼ੁਦ ਆਪਣੀ ਸਿਆਸੀ ਲਾਸ਼ ਨੂੰ ਮੋਢਿਆਂ ਉੱਤੇ ਚੁੱਕ ਕੇ ਪ੍ਰੈੱਸ ਕਾਨਫਰੰਸਾਂ ਕਰਦੇ ਹਨ, ਉਹ ਵੀ ਪੰਜਾਬ ਨੂੰ ਬਚਾਉਣ ਦੇ ਦਾਅਵੇ ਕਰਦੇ ਨਹੀਂ ਥੱਕਦੇ। ਈਡੀ ਤੋਂ ਡਰਦੇ ਭਗਵਿਆਂ ਦੇ ਘੁਰਣਿਆਂ ਵੱਲ ਦੌੜ ਰਹੇ ਹਨ। ਉਹ ਆਪਣੇ ਆਪ ਹੀ ਮੁਰਦਿਆਂ ਨੂੰ ਜਿਉਂਦਾ ਕਰਨ ਦੇ ਦਾਅਵੇ ਤਾਂ ਬਹੁਤ ਹਨ, ਪਰ ਪੰਜਾਬ ਦੇ ਜਿਉਂਦੇ ਲੋਕਾਂ ਦੀ ਜ਼ਿੰਦਗੀ ਵਿੱਚ ਜਾਨ ਪਾਉਣ ਵਾਲਾ ਕੋਈ ਨਜ਼ਰ ਨਹੀਂ ਆਉਂਦਾ।

ਬੇਰੁਜ਼ਗਾਰ ਨੌਜਵਾਨ ਪੁੱਛ ਰਿਹਾ ਹੈ ਕਿ ਭਾਈ ਸਾਹਿਬ ਜੀ ਰੁਜ਼ਗਾਰ ਕਿੱਥੇ ਹੈ? ਕਿਸਾਨ ਪੁੱਛ ਰਿਹਾ ਹੈ ਕਿ ਮੇਰੀ ਫ਼ਸਲ ਦੀ ਕਦਰ ਕਿੱਥੇ ਹੈ? ਮਜ਼ਦੂਰ ਪੁੱਛ ਰਿਹਾ ਹੈ ਕਿ ਮੇਰੀ ਮਿਹਨਤ ਦੀ ਕੀਮਤ ਕਿੱਥੇ ਹੈ? ਅਤੇ ਆਮ ਪੰਜਾਬੀ ਪੁੱਛ ਰਿਹਾ ਹੈ ਕਿ ਪੰਜਾਬ ਦਾ ਭਵਿੱਖ ਕਿੱਥੇ ਹੈ?

ਉਹਨਾਂ ਕੋਲ ਪੰਜਾਬ ਦੇ ਭਵਿੱਖ ਦਾ ਕੋਈ ਰੋਡ ਮੈਪ ਨਹੀਂ। ਉਹਨਾਂ ਦਾ ਕੋਈ ਦੀਨ ਈਮਾਨ ਤੇ ਧਰਮ ਨਹੀਂ ਹੈ। ਕੋਈ ਪੰਜਾਬ ਦਾ ਵਾਰਸ ਅਖਵਾਉਂਦਾ ਹੈ, ਕੋਈ ਲੋਕਾਂ ਦਾ ਮਸੀਹਾ ਬਣਿਆ ਫਿਰਦਾ। ਆਪਣੇ ਆਪ ਨੂੰ ਧਰਮੀ ਅਖਵਾਉਣ ਵਿਚ ਫ਼ਖ਼ਰ ਮਹਿਸੂਸ ਕਰਦਾ ਹੈ। ਉਂਝ ਉਹ ਧਰਮ ਦੀਆਂ ਧੱਜੀਆਂ ਉਡਾਉਣ ਵਿੱਚ ਦੁਨੀਆਂ ਭਰ ਵਿੱਚ ਪ੍ਰਸਿੱਧ ਹੋਇਆ ਹੈ। ਉਹ ਨਕਲੀ ਛਿੱਤਰ ਪਰੇਡ ਕਰਵਾਉਣ ਲਈ ਡਰਾਮੇ ਰਚਦਾ ਹੈ। ਲੋਕ ਪੁੱਛਦੇ ਹਨ ਕਿ ਉਹ ਐਨੇ ਛਿੱਤਰ ਪਰੇਡ ਕਰਵਾ ਕੇ ਕਿਵੇਂ ਬਚਦਾ ਹੈ। ਮੀਡੀਆ ਵਿੱਚ ਬਿਆਨ ਆਉਂਦਾ ਹੈ, ਤੁਸੀਂ ਜਿੰਨੀ ਮਰਜ਼ੀ ਛਿੱਤਰ ਪਰੇਡ ਕਰ ਲਵੋ, ਗਿਰਝਾਂ ਉਹਨਾਂ ਦੇ ਨਾਲ ਹਨ। ਨਾਗਪੁਰੀ ਸੱਪ ਉਹਨਾਂ ਦੇ ਘਰ ਵਿੱਚ ਹਨ। ਪਿਛਲੇ ਦਿਨੀਂ ਗਿਰਝਾਂ ਨੂੰ ਉਹਨਾਂ ਗੁਰੂ ਦਾ ਬਾਜ਼ ਸਮਝਿਆ ਹੈ।

ਪਰ ਸਿਆਸੀ ਮੰਚਾਂ ਉੱਤੇ ਇਹ ਸਵਾਲ ਗਾਇਬ ਹਨ। ਉੱਥੇ ਸਿਰਫ਼ ਇੱਕੋ ਸਵਾਲ ਹੈ—ਅਗਲਾ ਮੁੱਖ ਮੰਤਰੀ ਕੌਣ? ਸਿਆਣੇ ਆਖਦੇ ਹਨ ਕਿ "ਮੁਰਦਾ ਬੋਲੂ, ਕਫ਼ਨ ਪਾੜੂ।" ਹੁਣ ਸਿਆਸਤ ਦੇ ਮੁਰਦੇ ਇੱਕ-ਦੂਜੇ ਦਾ ਸਿਰ ਤਾਂ ਨਹੀਂ ਪਾੜ ਸਕਦੇ, ਪਰ ਸ਼ਬਦਾਂ ਦੇ ਤੀਰਾਂ ਨਾਲ ਇੱਕ-ਦੂਜੇ ਨੂੰ ਵਿੰਨ੍ਹਣ ਵਿੱਚ ਕੋਈ ਕਸਰ ਨਹੀਂ ਛੱਡਦੇ। ਪ੍ਰੈੱਸ ਕਾਨਫਰੰਸਾਂ ਵਿੱਚ ਬਿਆਨ ਆਉਂਦੇ ਹਨ, ਬਿਆਨਾਂ ਦੇ ਜਵਾਬ ਆਉਂਦੇ ਹਨ, ਫਿਰ ਜਵਾਬ ਦੇ ਜਵਾਬ ਆਉਂਦੇ ਹਨ। ਲੋਕ ਸੋਚਦੇ ਰਹਿ ਜਾਂਦੇ ਹਨ ਕਿ ਪੰਜਾਬ ਕਿੱਥੇ ਹੈ? ਕਿਉਂਕਿ ਪੰਜਾਬ ਤਾਂ ਲਵਾਰਿਸ ਹੈ। ਹਰ ਕੋਈ ਇਧਰ ਓਡਾ ਦੀ ਗਧੀ ਵਾਂਗ ਮੂੰਹ ਚੁੱਕੀ ਆਉਂਦਾ ਹੈ। ਘਰ ਵਜਾਉਂਦਾ ਹੈ, ਛਰਦਾਰ ਜੀ ਵੋਟ ਬਣਾਉਂਦਾ ਹੈ। ਉਹਨਾਂ ਦੀ ਲੋੜ ਪੂਰੀ ਕਰਦਾ ਹੈ। ਛਰਦਾਰ ਜੀ।

**"ਕਾਂਗਰਸ ਦਾ ਅੰਦਰਲਾ ਤਮਾਸ਼ਾ!"**

ਹੁਣ ਜੇ ਪੰਜਾਬ ਕਾਂਗਰਸ ਦੀ ਗੱਲ ਕਰੀਏ ਤਾਂ ਇੱਕ ਪੁਰਾਣੀ ਕਹਾਵਤ ਯਾਦ ਆਉਂਦੀ ਹੈ ਕਿ "ਨੌਂ ਪੂਰਬੀਏ, ਅਠਾਰਾਂ ਚੁੱਲ੍ਹੇ, ਬਲਦਾ ਕੋਈ ਨਹੀਂ।" ਹਰ ਕੋਈ ਆਪਣੀ ਥਾਂ ਅੱਗ ਬਾਲਣ ਦੀ ਕੋਸ਼ਿਸ਼ ਵਿੱਚ ਹੈ, ਪਰ ਘਰ ਦੀ ਸਾਂਝੀ ਰਸੋਈ ਵਿੱਚੋਂ ਰੋਟੀ ਦੀ ਖੁਸ਼ਬੂ ਨਹੀਂ ਆ ਰਹੀ। ਕਾਂਗਰਸ ਦੇ ਅੰਦਰ ਮੁੱਖ ਮੰਤਰੀ ਦੀ ਕੁਰਸੀ ਲਈ ਇੱਛਾਵਾਂ ਕਈ ਹੋ ਸਕਦੀਆਂ ਹਨ, ਪਰ ਲੋਕਾਂ ਦੇ ਮਨ ਵਿੱਚ ਇਹ ਸਵਾਲ ਹੈ ਕਿ ਕੀ ਪੰਜਾਬ ਦੀ ਕੁਰਸੀ ਲਈ ਵੀ ਕੋਈ ਸਾਂਝੀ ਸੋਚ ਹੈ? ਦਰਜਨ ਕੁ ਕਾਂਗਰਸੀ ਆਗੂ ਅਗਲੇ ਮੁੱਖ ਮੰਤਰੀ ਦੀ ਫੀਲਿੰਗ ਮਹਿਸੂਸ ਕਰਦੇ ਹਨ। ਉਹਨਾਂ ਨੇ ਨਵੇਂ ਵਸਤਰ ਸੁਆ ਕੇ ਪ੍ਰੈਸ ਕਰਕੇ ਰੱਖੇ ਹੋਏ ਹਨ।

ਕਈ ਆਗੂਆਂ ਦੇ ਬਿਆਨਾਂ ਨੂੰ ਸੁਣ ਕੇ ਲੱਗਦਾ ਹੈ ਕਿ ਚੋਣਾਂ ਅਜੇ ਦੂਰ ਨਹੀਂ, ਸਹੁੰ ਚੁੱਕ ਸਮਾਗਮ ਕੱਲ੍ਹ ਹੀ ਹੋਣਾ ਹੈ। ਕਿਸੇ ਨੇ ਮੰਤਰੀ ਮੰਡਲ ਦੀਆਂ ਕੁਰਸੀਆਂ ਗਿਣ ਲਈਆਂ ਹਨ, ਕਿਸੇ ਨੇ ਆਪਣੇ ਸਮਰਥਕਾਂ ਦੀ ਗਿਣਤੀ ਕਰ ਲਈ ਹੈ ਅਤੇ ਕਿਸੇ ਨੇ ਮਨ ਹੀ ਮਨ ਵਿੱਚ ਮੁੱਖ ਮੰਤਰੀ ਵਾਲੀ ਕੁਰਸੀ ਦਾ ਨਾਪ ਵੀ ਲੈ ਲਿਆ ਹੈ। ਪਰ ਪੰਜਾਬੀ ਲੋਕ ਪੁੱਛਦੇ ਹਨ ਕਿ "ਕੁਰਸੀ ਬਾਅਦ ਵਿੱਚ ਵੰਡ ਲੈਣਾ, ਪਹਿਲਾਂ ਪੰਜਾਬ ਦੀ ਵੰਡ ਹੋ ਰਹੀ ਤਾਕਤ ਨੂੰ ਜੋੜਨ ਦੀ ਕੋਈ ਯੋਜਨਾ ਬਣਾ ਲਵੋ?"

**"ਭਗਵੀਂ ਸਿਉਂਕ ਦਾ ਡਰ!**


ਸਿਆਸਤ ਵਿੱਚ ਵਿਚਾਰਾਂ ਦੀ ਅਸਹਿਮਤੀ ਸੁਭਾਵਿਕ ਹੈ। ਪਰ ਜਦੋਂ ਵਿਚਾਰਾਂ ਦੀ ਥਾਂ ਰੰਗਾਂ ਨਾਲ ਵਫ਼ਾਦਾਰੀ ਅਤੇ ਨਫ਼ਰਤ ਤੈਅ ਹੋਣ ਲੱਗੇ ਤਾਂ ਸਮੱਸਿਆ ਪੈਦਾ ਹੁੰਦੀ ਹੈ। ਜਿਹੜੇ ਆਗੂ ਆਪਣੀ ਪਾਰਟੀ ਦੇ ਅੰਦਰਲੇ ਵਿਰੋਧ ਨੂੰ ਵੀ ਬਾਹਰਲੇ ਦੁਸ਼ਮਣ ਦੇ ਖਾਤੇ ਵਿੱਚ ਪਾਉਣ ਲੱਗ ਪੈਣ, ਉਹ ਲੋਕਤੰਤਰ ਨੂੰ ਨਹੀਂ, ਆਪਣੀ ਕੁਰਸੀ ਨੂੰ ਬਚਾਉਂਦੇ ਹਨ। ਸਿਉਂਕ ਲੱਕੜ ਨੂੰ ਬਾਹਰੋਂ ਨਹੀਂ, ਅੰਦਰੋਂ ਖਾਂਦੀ ਹੈ। ਸਿਆਸੀ ਪਾਰਟੀਆਂ ਵੀ ਬਾਹਰਲੇ ਵਿਰੋਧ ਨਾਲ ਨਹੀਂ, ਅੰਦਰਲੀ ਖੋਖਲਤਾ ਨਾਲ ਕਮਜ਼ੋਰ ਹੁੰਦੀਆਂ ਹਨ। ਇਸ ਲਈ ਪੰਜਾਬ ਦੀਆਂ ਪਾਰਟੀਆਂ ਨੂੰ ਕਿਸੇ ਹੋਰ ਦੇ ਰੰਗ ਤੋਂ ਡਰਨ ਦੀ ਬਜਾਏ ਪਹਿਲਾਂ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ।

**"ਮੁੱਖ ਮੰਤਰੀ ਬਣਨ ਦੀ ਰਹਿਰਸਲ!"**

ਸਭ ਤੋਂ ਵੱਡਾ ਮਜ਼ਾਕ ਇਹ ਹੈ ਕਿ ਪੰਜਾਬ ਵਿੱਚ ਅੱਧੀ ਦਰਜਨ ਤੋਂ ਵੱਧ ਆਗੂਆਂ ਨੇ ਆਪਣੇ ਆਪ ਨੂੰ ਭਵਿੱਖ ਦਾ ਮੁੱਖ ਮੰਤਰੀ ਸਮਝਣਾ ਸ਼ੁਰੂ ਕਰ ਦਿੱਤਾ ਹੈ। ਅਜੇ ਲੋਕਾਂ ਨੇ ਵੋਟ ਪਾਉਣੀ ਹੈ, ਅਜੇ ਚੋਣ ਲੜਨੀ ਹੈ, ਅਜੇ ਨਤੀਜੇ ਆਉਣੇ ਹਨ ਪਰ ਕਈਆਂ ਨੇ ਤਾਂ ਮਨ ਵਿੱਚ ਸਹੁੰ ਚੁੱਕਣ ਦੀ ਰਹਿਰਸਲ ਵੀ ਸ਼ੁਰੂ ਕਰ ਦਿੱਤੀ ਹੈ।

ਇਹ ਸਿਆਸਤ ਦਾ ਸਭ ਤੋਂ ਵੱਡਾ ਦੁਖਾਂਤ ਹੈ ਕਿ ਜਿਹੜੇ ਲੋਕ ਪੰਜਾਬ ਦੀ ਚਿੰਤਾ ਕਰਨ ਦਾ ਦਾਅਵਾ ਕਰਦੇ ਹਨ, ਉਹ ਪੰਜਾਬ ਨਾਲੋਂ ਪਹਿਲਾਂ ਆਪਣੀ ਕੁਰਸੀ ਦੀ ਚਿੰਤਾ ਕਰਦੇ ਹਨ। ਪੰਜਾਬ ਨੂੰ ਵਾਰਸਾਂ ਦੀ ਨਹੀਂ, ਜ਼ਿੰਮੇਵਾਰਾਂ ਦੀ ਲੋੜ ਹੈ। ਪੰਜਾਬ ਨੂੰ ਅਜਿਹੇ ਆਗੂ ਨਹੀਂ ਚਾਹੀਦੇ ਜਿਹੜੇ ਚੋਣਾਂ ਵੇਲੇ ਪੰਜਾਬ ਨੂੰ ਆਪਣੀ ਮਾਂ ਅਤੇ ਚੋਣਾਂ ਤੋਂ ਬਾਅਦ ਵੋਟਰਾਂ ਨੂੰ ਆਪਣੀ ਜਾਇਦਾਦ ਸਮਝਣ। ਪੰਜਾਬ ਨੂੰ ਉਹ ਸਿਆਸਤ ਚਾਹੀਦੀ ਹੈ ਜਿਹੜੀ ਕੁਰਸੀ ਤੋਂ ਪਹਿਲਾਂ ਕਿਸਾਨ, ਮਜ਼ਦੂਰ, ਨੌਜਵਾਨ, ਔਰਤ, ਵਪਾਰੀ, ਮੁਲਾਜ਼ਮ ਅਤੇ ਆਮ ਮਨੁੱਖ ਦੀ ਗੱਲ ਕਰੇ। ਨਹੀਂ ਤਾਂ ਇਤਿਹਾਸ ਪੁੱਛੇਗਾ ਕਿ ਪੰਜਾਬ ਲਵਾਰਿਸ ਸੀ ਜਾਂ ਉਸ ਦੇ ਵਾਰਸ ਬਹੁਤ ਜ਼ਿਆਦਾ ਸਨ?ਅਤੇ ਸ਼ਾਇਦ ਜਵਾਬ ਇਹ ਹੋਵੇ ਕਿ "ਪੰਜਾਬ ਲਵਾਰਿਸ ਨਹੀਂ ਸੀ; ਵਾਰਸਾਂ ਨੇ ਉਸ ਨੂੰ ਲਵਾਰਿਸ ਬਣਾ ਦਿੱਤਾ ਸੀ।"ਪੰਜਾਬ ਦੇ ਲੋਕਾਂ ਨੂੰ ਸਮਝ ਨਹੀਂ ਆਉਂਦੀ ਕਿ ਉਹ ਆਪਣੇ ਆਪ ਨੂੰ ਕੀ ਸਮਝਦੇ ਹਨ ? ਦੂਰੋਂ ਆਵਾਜ਼ ਆਉਂਦੀ ਹੈ, "ਪੱਕੀਆਂ ਵੋਟਾਂ, ਭੁੱਖੀਆਂ ਵੋਟਾਂ।

-ਬੁੱਧ ਸਿੰਘ ਨੀਲੋਂ




# ਬਲਾਤਕਾਰੀ ਬਾਬਾ ਫਿਰ ਫ਼ਰਲੋ 'ਤੇ



ਰੋਹਤਕ:ਸਾਧਵੀਆਂ ਨਾਲ ਜਬਰ- ਜ਼ਨਾਹ ਦੇ ਮਾਮਲੇ ਵਿੱਚ 20 ਸਾਲ ਦੀ ਕੈਦ ਕੱਟ ਰਿਹਾ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਮੰਗਲਵਾਰ ਸਵੇਰੇ ਰੋਹਤਕ ਦੇ ਪਿੰਡ ਸੁਨਾਰੀਆ ਸਥਿਤ ਜ਼ਿਲ੍ਹਾ ਜੇਲ੍ਹ ਵਿੱਚੋਂ 21 ਦਿਨਾਂ ਦੀ ਫ਼ਰਲੋ 'ਤੇ ਬਾਹਰ ਆ ਗਿਆ। ਸਜ਼ਾ ਸੁਣਾਏ ਜਾਣ ਤੋਂ ਬਾਅਦ ਇਹ 17ਵਾਂ ਮੌਕਾ ਹੈ, ਜਦੋਂ ਉਸ ਨੂੰ ਫ਼ਰਲੋ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਉਸ ਨੂੰ ਜਨਵਰੀ 'ਚ 40 ਦਿਨਾਂ ਦੀ ਤੇ ਮਈ ਮਹੀਨੇ ਵਿੱਚ 30 ਦਿਨਾਂ ਦੀ ਫ਼ਰਲੋ ਦਿੱਤੀ ਗਈ ਸੀ।

(ਮੁੱਖ ਪੰਨੇ ਦੀ ਬਾਕੀ)

ਸੀ। ਵਲੰਟੀਅਰ ਵੱਲੋਂ ਦੋ ਮਸ਼ੀਨਾਂ ਲੈ ਕੇ ਦੇਣ ਦਾ ਨਿਸ਼ਚਾ ਮਿਥਿਆ ਗਿਆ ਪਰਮਾਤਮਾ ਦੀ ਮਿਹਰ ਸਦਕਾ ਡੋਨੇਸ਼ਨ ਇਸ ਤੋਂ ਵੀ ਬਹੁਤ ਵੱਧ ਕੇ ਇਕੱਠੀ ਹੋਈ। ਵਲੰਟੀਅਰ ਵਿੱਚੋਂ ਇੱਕ ਹੋਰ ਨਾਮ ਜ਼ਿਕਰ ਯੋਗ ਹੈ ਬੀਬੀ ਜਸਬੀਰ ਕੌਰ ਗਿੱਲ ਜਿਨਾਂ ਨੇ ਇਸ ਈਵੈਂਟ ਨੂੰ ਕਾਮਯਾਬ ਬਣਾਉਣ ਲਈ ਅਣਥਕ ਮਿਹਨਤ ਕੀਤੀ। ਵਾਹਿਗੁਰੂ ਅੱਗੇ ਤੋਂ ਵੀ ਇਸੇ ਤਰਾਂ ਕਿਰਪਾ ਬਣਾਈ ਰੱਖਣ ਤੇ ਇਸੇ ਤਰ੍ਹਾਂ ਮਿਲਵਰਤਨ ਬਖਸ਼ਕੇ ਸੇਵਾ ਦਾ ਬਲ ਬਖਸ਼ਣ। ਇਹ ਦੱਸਣਯੋਗ ਹੈ ਕਿ ਈਵੈਂਟ ਦਾ ਖਰਚਾ ਰਲ ਮਿਲ ਕੇ ਵਲੰਟੀਅਰਜ਼ ਵੱਲੋਂ ਕੀਤਾ ਗਿਆ ਅਤੇ ਜੋ ਵੀ ਡੋਨੇਸ਼ਨ ਹੋਈ ਉਹ ਸਾਰੀ ਦੀ ਸਾਰੀ ਸ਼ਕਾਮਿਸ਼ ਹਸਪਤਾਲ ਨੂੰ ਦਿੱਤੀ ਗਈ। ਇਸ ਵਾਰ ਵੀ 15 ਅਗਸਤ ਨੂੰ ਡਿਨਰ ਦਾ ਖਰਚਾ ਅਤੇ ਹਾਲ ਈਵੈਂਟ ਦਾ ਖਰਚਾ ਵਲੰਟੀਅਰ ਵੱਲੋਂ ਦਿੱਤਾ ਗਿਆ।





VELOCITY
TRUCK CENTRES
PREMIUM QUALITY
COMMERCIAL VEHICLES
ਨਵੇਂ ਅਤੇ ਪਹਿਲਾਂ ਤੋਂ ਮਾਲਕੀ ਵਾਲੇ ਟਰੱਕਾਂ, ਬੱਸਾਂ ਅਤੇ ਟ੍ਰੇਲਰਾਂ ਲਈ ਤੁਹਾਡੀ ਇੱਕ-ਸਟਾਪ ਮੰਜ਼ਿਲ
ਪ੍ਰਮੁੱਖ ਬ੍ਰਾਂਡਾਂ ਦੇ ਅਧਿਕਾਰਤ ਡੀਲਰ ਦੇ ਰੂਪ ਵਿੱਚ
ਅਸੀਂ ਹਾਈਵੇਅ ਅਤੇ ਵੋਕੇਸ਼ਨਲ ਐਪਲੀਕੇਸ਼ਨਾਂ ਦੋਵਾਂ ਲਈ ਹੱਲ ਪੇਸ਼ ਕਰਦੇ ਹਾਂ
INVENTORY
ਅੱਜ ਹੀ ਆਪਣੇ ਫਲੀਟ ਨੂੰ ਅਪਗ੍ਰੇਡ ਕਰੋ ਜਾਂ ਵਧਾਓ
velocitytruckcentres.ca/inventory
ਨਵੇਂ ਅਤੇ ਪੁਰਾਣੇ ਟਰੱਕਾਂ, ਬੱਸਾਂ ਅਤੇ ਟ੍ਰੇਲਰਾਂ ਲਈ ਤੁਹਾਡੀ ਇੱਕ-ਸਟਾਪ ਮੰਜ਼ਿਲ
ਪ੍ਰਮੁੱਖ ਬ੍ਰਾਂਡਾਂ ਦੇ ਇੱਕ ਅਧਿਕਾਰਤ ਡੀਲਰ ਹੋਣ ਦੇ ਨਾਤੇ, ਅਸੀਂ ਹਾਈਵੇਅ ਅਤੇ ਕਿੱਤਾਮੁਖੀ ਐਪਲੀਕੇਸ਼ਨਾਂ ਦੋਵਾਂ ਲਈ ਹੱਲ ਪੇਸ਼ ਕਰਦੇ ਹਾਂ।
eM2
ਪ੍ਰਮੁੱਖ ਬ੍ਰਾਂਡਾਂ ਦਾ ਮਾਣਮੱਤਾ ਡੀਲਰ
FREIGHTLINER
WESTERN STAR
AUTOCAR
RIZON
CROSS COUNTRY MANUFACTURING
DOEPKER TRAILERS
K-LINE
LODE KING
PEERLESS
TRAIL KING
crossroads
Equipment Lease & Finance
ਆਸਾਨ ਫਾਇਨੈਂਸਿੰਗ
ਕ੍ਰਾਸਰੋਡ ਰਾਹੀਂ, ਅਸੀਂ ਇਹਨਾਂ ਲਈ ਲਚਕਦਾਰ, ਕਸਟਮ-ਅਨੁਕੂਲ ਵਿੱਤ ਅਤੇ ਲੀਜ਼ਿੰਗ ਹੱਲ ਪੇਸ਼ ਕਰਦੇ ਹਾਂ:
*ਨਵੇਂ ਜਾਂ ਵਰਤੇ ਗਏ ਉਪਕਰਣ
*ਕਨਸੋਲੀਡੇਸ਼ਨ ਲੋਨ
*ਕ੍ਰੈਡਿਟ ਲਾਈਨਾਂ
ਆਪਣੇ ਵਿਕਲਪਾਂ ਦੀ ਪੜਚੋਲ ਕਰਨ ਲਈ gisekham@crlease.ca 'ਤੇ ਗੁਰਪਾਲ ਸੀਖਮ ਨਾਲ ਸੰਪਰਕ ਕਰੋ ਜਾਂ crlease.ca 'ਤੇ ਜਾਓ।
672.727.9560 | 604.888.1424 | velocitytruckcentres.ca
18688 - 96th Ave, Surrey, BC, V4N 3P9, Canada
Call: 672-727-9560

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ

12885-85Ave. Surrey, BC V3W 0K8 Canada




## ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਹੋ ਰਹੇ ਪ੍ਰੋਗਰਾਮਾਂ ਦਾ ਵੇਰਵਾ

**ਸ੍ਰੀ ਗੁਰੂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ 16 ਨਵੰਬਰ ਤੋਂ 25 ਨਵੰਬਰ ਤੱਕ ਜੱਥਾ ਪਾਕਿਸਤਾਨ ਦੇ ਗੁਰਧਾਮਾਂ ਦੇ ਦਰਸ਼ਨਾਂ ਲਈ ਜਾ ਰਿਹਾ ਹੈ ਜਿਨ੍ਹਾਂ ਸੰਗਤਾਂ ਨੇ ਜਾਣਾ ਹੋਵੇ ਉਹ ਗੁਰਦੁਆਰਾ ਸਾਹਿਬ ਆਪਣੇ ਨਾਮ ਲਿਖਵਾ ਦਿਓ ਜੀ।**

ਇਸ ਹਫਤੇ ਗੁਰੂਘਰ ਵਿਖੇ ਭਾਈ ਗੁਰਦਾਸ ਜੀ ਦੀ ਬਰਸੀ ਮਨਾਈ ਜਾਵੇਗੀ।

*28 ਅਗਸਤ ਦਿਨ ਸ਼ੁੱਕਰਵਾਰ 3 ਸ੍ਰੀ ਅਖੰਡ ਪਾਠ ਸਾਹਿਬ (1)ਰਾੜਾ ਸਾਹਿਬ ਇਲਾਕੇ ਦੀ ਸੰਗਤ ਵੱਲੋਂ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ (2)ਭਾਈ ਗੁਰਸ਼ਾਨ ਸਿੰਘ ਬੈਨੀਪਾਲ ਪਰਿਵਾਰ ਵੱਲੋਂ (3)ਬੀ: ਧਰਮਜੀਤ ਕੌਰ ਸਿੱਧੂ ਪਰਿਵਾਰ ਵੱਲੋਂ ਆਰੰਭ ਹੋਣਗੇ।

*28 ਅਗਸਤ ਦਿਨ ਸ਼ੁੱਕਰਵਾਰ ਅਨੰਦ ਕਾਰਜ ਬੀਬੀ ਰਮਨਜੀਤ ਕੌਰ

*29 ਅਗਸਤ ਦਿਨ ਸ਼ਨਿੱਚਰਵਾਰ 2 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ:
(1)ਭਾਈ ਅਮਨਦੀਪ ਸਿੰਘ (2)ਭਾਈ ਸਤਨਾਮ ਸਿੰਘ ਢਿੱਲੋਂ

*30 ਅਗਸਤ ਦਿਨ ਐਤਵਾਰ 3 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ:
(1)ਭਾਈ ਪਰਵਾਜ ਸਿੰਘ (2)ਭਾਈ ਬਲਪ੍ਰੀਤ ਸਿੰਘ (3)ਭਾਈ ਕਰਨਵੀਰ ਸਿੰਘ ਕੰਗ।

**ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਦਰਬਾਰ ਵਿਚ ਹਾਜਰੀ ਭਰ ਕੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਜੀਵਨ ਸਫਲਾ ਕਰੋ ਜੀ**

**ਗੁਰਦੁਆਰਾ ਸਾਹਿਬ ਵਿਖੇ ਕੋਈ ਵੀ ਸੇਵਾ ਲੈਣ ਅਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ 604-594-2574 ਤੇ ਸੰਪਰਕ ਕਰੋ ਜੀ**

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥

First GOD CREATED LIGHT AND THEN BY
HIS MNIPOTENCE MADE ALL THE MORTALS
FROM THE ONE LIGHT HAS WELLED UP THE WHOLE UNIVERSE,THEN
WHO IS GOOD AND WHO IS BAD?

# KHALSA DIWAN SOCIETY, ABBOTSFORD

# ਖਾਲਸਾ ਦੀਵਾਨ ਸੁਸਾਇਟੀ, ਐਬਟਸਫੋਰਡ

33094 South Fraser Way, Abbotsford, BC V2S 2A8, Ph: (604) 850-7338

Email: info@khalsadiwansociety.ca I Website: www.khalsadiwansociety.ca



ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਵਲੋਂ
ਗਦਰ ਪਾਰਟੀ ਦੇ ਮਹਾਨ ਯੋਧਿਆਂ ਨੂੰ ਸਮਰਪਿਤ

## ਸ਼ਹੀਦ ਭਾਈ ਕਰਮ ਸਿੰਘ ਬੱਬਰ

# ਮੈਮੋਰੀਅਲ ਟੂਰਨਾਮੈਂਟ

28,29,30 ਅਗਸਤ 2026

FRIDAY, SATURDAY & SUNDAY



Get Ready For An
Exciting Competition

## Get schedule From

**Soccer:**
Ikbal singh (778.552.0331)
Sunny gill (778.241.4301)

**Hockey:**
Jagdish gill (604.710.1373)
Jasdev singh (604.789.3980)

**Wrestling:**
Sucha Maan (604.761.1415)

**Basketball:**
Arman Dhillon (604.614.3551)

**Tug of war**
Sohan Pandher 778-878-0405

**Basketball**
Rajwinder Sandhu 604-626-3993

**Volleyball**
Teje Dhaliwal 778-240-9991

778-552-8484

W.J. Mouat Secondary HIGH SCHOOL

www.khalsadiwansociety.ca

ਪ੍ਰਾਰਥਕ:
ਖਾਲਸਾ ਦੀਵਾਨ ਸੁਸਾਇਟੀ
ਪ੍ਰਬੰਧਕ ਕਮੇਟੀ, ਐਬਸਫੋਰਡ

PRESIDENT: RAJINDER SINGH DHILLON 778-552-8484
VICE PRESIDENT: JAGDEV (MAKHAN) S. GILL 604-825-2789
SECRETARY: LAKHWINDER S BRAR 604-217-9394
TREASURER: AMAR SINGH DHALIWAL 604-864-7867

# ਅਮਰੀਕੀ ਰਾਜਦੂਤ ਨੇ ਖੁਲਾਸਾ ਕੀਤਾ ਕਿ ਫਰਾਂਸ ਵਿੱਚ ਮੋਦੀ-ਟਰੰਪ ਦੀ ਮੁਲਾਕਾਤ ਵਿੱਚ ਭਾਰਤੀ ਵਿਦੇਸ਼ ਮੰਤਰਾਲੇ ਦੀ ਸਿਰਫ਼ ਇੱਕ ਬੇਨਤੀ ਸੀ ਕਿ ਕੋਈ ਪ੍ਰੈਸ ਸਵਾਲ ਨਾ ਕਰੇ

ਨਵੀਂ ਦਿੱਲੀ: ਭਾਰਤ ਨੇ ਦੋ ਮਹੀਨੇ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਕਾਰ ਹੋਈ ਮੁਲਾਕਾਤ ਤੋਂ ਪਹਿਲਾਂ ਸਿਰਫ਼ ਇੱਕ ਬੇਨਤੀ ਕੀਤੀ ਸੀ ਕਿ ਪ੍ਰੈਸ ਨੂੰ ਦੋਵਾਂ ਨੇਤਾਵਾਂ ਤੋਂ ਸਵਾਲ ਪੁੱਛਣ ਦੀ ਇਜਾਜ਼ਤ ਨਾ ਦਿੱਤੀ ਜਾਵੇ। ਅਮਰੀਕੀ ਰਾਜਦੂਤ ਸਰਜੀਓ ਗੋਰ ਨੇ ਇਹ ਕਿਹਾ।

ਗੋਰ ਨੇ ਸ਼ਨੀਵਾਰ (22 ਅਗਸਤ) ਨੂੰ ਕਿਹਾ ਕਿ ਟਰੰਪ ਸ਼ੁਰੂ ਵਿੱਚ ਇਸ 'ਤੇ ਸਹਿਮਤ ਹੋਏ ਸਨ, ਪਰ ਬਾਅਦ ਵਿੱਚ ਪੱਤਰਕਾਰਾਂ ਨੂੰ ਮੋਦੀ ਦੇ ਕੋਲ ਬੈਠ ਕੇ ਖੁਦ ਸਵਾਲ ਪੁੱਛਣ ਲਈ ਕਿਹਾ। ਮੋਦੀ ਆਮ ਤੌਰ 'ਤੇ ਅਚਾਨਕ ਪ੍ਰੈਸ ਕਾਨਫਰੰਸਾਂ ਤੋਂ ਬਚਦੇ ਹਨ।

ਗੋਰ ਦਾ ਖੁਲਾਸਾ ਉਸ ਸਮੇਂ ਹੋਇਆ ਹੈ ਜਦੋਂ ਮੋਦੀ ਦੇ ਯੂਰਪ ਅਤੇ ਓਸ਼ੇਨੀਆ ਦੇ ਹਾਲੀਆ ਦੌਰਿਆਂ ਦੌਰਾਨ ਖੁੱਲ੍ਹੇ ਪ੍ਰੈਸ ਕਾਨਫਰੰਸਾਂ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰਨ ਦਾ ਮੁੱਦਾ ਫਿਰ ਤੋਂ ਉੱਭਰਿਆ ਹੈ। ਇਨ੍ਹਾਂ ਯਾਤਰਾਵਾਂ ਦੌਰਾਨ, ਸਥਾਨਕ ਪੱਤਰਕਾਰਾਂ ਨੇ ਵਿਦੇਸ਼ ਮੰਤਰਾਲੇ ਨਾਲ ਯਾਤਰਾ ਕਰ ਰਹੇ ਭਾਰਤੀ ਅਧਿਕਾਰੀਆਂ ਤੋਂ ਇਸ ਬਾਰੇ ਸਵਾਲ ਕੀਤੇ।

ਗੋਰ ਨੇ ਕਿਹਾ ਕਿ 17 ਜੂਨ ਨੂੰ ਫਰਾਂਸ ਦੇ ਏਵੀਅਨ ਵਿੱਚ ਮੋਦੀ ਅਤੇ ਟਰੰਪ ਦੀ ਪ੍ਰੈਸ ਕਾਨਫਰੰਸ ਤੋਂ ਥੋੜ੍ਹੀ ਦੇਰ ਪਹਿਲਾਂ, ਟਰੰਪ ਨੇ ਉਨ੍ਹਾਂ ਤੋਂ ਪੁੱਛਿਆ ਕਿ ਕੀ ਭਾਰਤ ਸਰਕਾਰ ਨੇ ਕੋਈ ਬੇਨਤੀ ਕੀਤੀ ਹੈ। ਗੋਰ ਨੇ ਕਿਹਾ, "ਕਿ ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਇੱਕ ਬੇਨਤੀ ਹੈ ਕਿ ਪ੍ਰੈਸ ਕਾਨਫਰੰਸ ਨਾ ਕਰੀਏ, ਕੋਈ ਸਵਾਲ ਨਾ ਹੋਵੇ। 'ਇਸ ਲਈ ਮੈਂ ਰਾਸ਼ਟਰਪਤੀ ਨੂੰ ਕਿਹਾ, 'ਭਾਰਤੀ ਪੱਖ ਸਵਾਲ ਨਹੀਂ ਚਾਹੁੰਦਾ। ਉਨ੍ਹਾਂ ਕਿਹਾ, 'ਠੀਕ ਹੈ, ਕੋਈ ਸਮੱਸਿਆ ਨਹੀਂ। 'ਪਰ ਦੋਵਾਂ ਆਗੂਆਂ ਦੇ ਆਪਣੇ ਬਿਆਨ ਦੇਣ ਤੋਂ




ਤੁਰੰਤ ਬਾਅਦ ਟਰੰਪ ਤੋਂ ਵੱਡੀ ਗਿਣਤੀ ਵਿੱਚ ਮੌਜੂਦ ਪੱਤਰਕਾਰਾਂ ਨੇਂ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ। ਉਹ ਉਸ ਸਮੇਂ ਮੋਦੀ ਦੇ ਕੋਲ ਬੈਠੇ ਸਨ। ਨਾਰਵੇਈ ਪੱਤਰਕਾਰ ਹੇਲੇ ਲੇਂਗ ਨੇ ਸਿੱਧੇ ਤੌਰ 'ਤੇ ਮੋਦੀ ਨੂੰ ਪੁੱਛਿਆ ਕਿ ਉਹ "ਦੁਨੀਆ ਦੀ ਸਭ ਤੋਂ ਆਜ਼ਾਦ ਪ੍ਰੈਸ" ਤੋਂ ਕਿਉਂ ਭੱਜ ਰਹੇ ਹਨ। ਹਾਲਾਂਕਿ, ਪ੍ਰਧਾਨ ਮੰਤਰੀ ਨੇ ਉਨ੍ਹਾਂ ਦੇ ਸਵਾਲ ਦਾ ਜਵਾਬ ਨਹੀਂ ਦਿੱਤਾ। ਬਾਅਦ ਵਿੱਚ, ਲਿੰਗ ਨੇ ਓਸਲੋ ਵਿੱਚ ਭਾਰਤੀ ਡਿਪਲੋਮੈਟਾਂ ਦੁਆਰਾ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਵਿੱਚ ਸ਼ਿਰਕਤ ਕੀਤੀ, ਜਿੱਥੇ ਉਨ੍ਹਾਂ ਦੀ ਵਿਦੇਸ਼ ਮੰਤਰਾਲੇ ਦੇ ਸਕੱਤਰ (ਪੱਛਮੀ) ਸਿਬੀ ਜਾਰਜ ਨਾਲ ਗਰਮਾ-ਗਰਮ ਬਹਿਸ ਹੋਈ। ਵਿਦੇਸ਼ ਮੰਤਰਾਲੇ ਦੇ ਸਕੱਤਰ (ਪੂਰਬੀ) ਰੁਦਰੇਂਦਰ ਟੰਡਨ ਤੋਂ ਇਹ ਵੀ ਪੁੱਛਿਆ ਗਿਆ ਕਿ ਮੋਦੀ ਨੇ ਨਿਊਜ਼ੀਲੈਂਡ ਦੀ ਆਪਣੀ ਫੇਰੀ ਦੌਰਾਨ ਪ੍ਰੈਸ ਕਾਨਫਰੰਸ ਕਿਉਂ ਨਹੀਂ ਕੀਤੀ। ਅਧਿਕਾਰੀ ਨੇ ਕਾਰਨ ਦੱਸਦੇ ਹੋਏ ਕਿਹਾ ਕਿ "ਭਾਰਤੀ ਵੋਟਰ ਮੁੱਖ ਤੌਰ 'ਤੇ ਪੇਂਡੂ ਲੋਕ ਹਨ ਜੋ ਸਿੱਧਾ ਸੰਪਰਕ ਚਾਹੁੰਦੇ ਹਨ" ਅਤੇ "ਵਿਚੋਲਿਆਂ ਰਾਹੀਂ ਗੱਲ ਕਰਨਾ ਪਸੰਦ ਨਹੀਂ ਕਰਦੇ।

# ਭਾਰਤੀ ਯੂਥ ਕਾਂਗਰਸ, ਆਮ ਆਦਮੀ ਪਾਰਟੀ ਅਤੇ ਹੋਰ ਨੇਤਾਵਾਂ ਦੀਆਂ ਪੋਸਟਾਂ 'ਤੇ ਪਾਬੰਦੀ

ਦਿੱਲੀ:-ਪਿਛਲੇ ਕੁਝ ਦਿਨਾਂ ਵਿੱਚ, ਇੰਸਟਾਗ੍ਰਾਮ 'ਤੇ ਪੋਸਟਾਂ ਅਤੇ ਖਾਤਿਆਂ 'ਤੇ ਪਾਬੰਦੀ ਲਗਾਉਣ ਦੇ ਕਈ ਮਾਮਲੇ ਸਾਹਮਣੇ ਆਏ ਹਨ, ਭਾਵੇਂ ਵਿਰੋਧ ਪ੍ਰਦਰਸ਼ਨਾਂ ਨਾਲ ਸਬੰਧਤ ਸਮੱਗਰੀ ਹੋਵੇ, ਰਾਜਨੀਤਿਕ ਪਾਰਟੀਆਂ ਦੀਆਂ ਪੋਸਟਾਂ ਹੋਣ। ਅਲਟ ਨਿਊਜ਼ ਦੀ ਰਿਪੋਰਟ ਹੈ ਕਿ ਇਸ ਸੰਦਰਭ ਵਿੱਚ ਮੇਟਾ ਨੇ ਭਾਰਤੀ ਯੂਥ ਕਾਂਗਰਸ ਅਤੇ ਆਮ ਆਦਮੀ ਪਾਰਟੀ ਤੋਂ ਇੰਸਟਾਗ੍ਰਾਮ ਪੋਸਟਾਂ ਨੂੰ ਵਾਰ-ਵਾਰ ਹਟਾ ਦਿੱਤਾ ਹੈ। ਪਿਛਲੇ ਕੁਝ ਦਿਨਾਂ ਵਿੱਚ, ਭਾਰਤ ਵਿੱਚ ਕਈ ਸੋਸ਼ਲ ਮੀਡੀਆ ਪੋਸਟਾਂ ਅਤੇ ਖਾਤਿਆਂ ਨੂੰ ਜੀਓਬਲੌਕ ਕੀਤਾ ਗਿਆ ਹੈ। ਇਸ ਅਭਿਆਸ ਵਿੱਚ ਕਾਨੂੰਨੀ ਜ਼ਰੂਰਤਾਂ ਦਾ ਹਵਾਲਾ ਦਿੰਦੇ ਹੋਏ ਇੰਸਟਾਗ੍ਰਾਮ 'ਤੇ ਉਪਭੋਗਤਾਵਾਂ ਦੀਆਂ ਪੋਸਟਾਂ ਨੂੰ ਹਟਾਉਣਾ ਜਾਂ ਭਾਰਤ ਵਿੱਚ ਉਨ੍ਹਾਂ ਦੀ ਦਿੱਖ ਨੂੰ ਸੀਮਤ ਕਰਨਾ ਸ਼ਾਮਲ ਹੈ। ਇਹ ਕਈ ਵਿਰੋਧੀ ਸੰਗਠਨਾਂ ਅਤੇ ਨੇਤਾਵਾਂ ਦੀਆਂ ਪੋਸਟਾਂ ਨਾਲ ਵੀ ਦੇਖਿਆ ਗਿਆ ਹੈ, ਜਿੱਥੇ ਉਨ੍ਹਾਂ ਦੀਆਂ ਪੋਸਟਾਂ ਨੂੰ ਅਚਾਨਕ ਹਟਾ ਦਿੱਤਾ ਗਿਆ ਸੀ। 6 ਅਗਸਤ ਨੂੰ, ਆਮ ਆਦਮੀ ਪਾਰਟੀ, ਅਤੇ 7 ਅਗਸਤ ਨੂੰ, ਕਾਂਗਰਸ ਪਾਰਟੀ ਦੇ ਯੂਥ ਵਿੰਗ, ਭਾਰਤੀ ਯੂਥ ਕਾਂਗਰਸ ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਕਿ ਉਨ੍ਹਾਂ ਦੀਆਂ ਇੰਸਟਾਗ੍ਰਾਮ ਪੋਸਟਾਂ ਨੂੰ ਵਾਰ-ਵਾਰ ਹਟਾਇਆ ਜਾ ਰਿਹਾ ਹੈ।












# ਸੱਜਣ ਕੁਮਾਰ ਵਰਗੇ ਕਾਤਲ ਨੂੰ ਰੋਲ ਮਾਡਲ ਕਹਿਣ ਵਾਲੇ ਦਪਿੰਦਰ ਹੁੱਡਾ ਨੂੰ ਕਾਂਗਰਸ ਕੱਢੇ ਪਾਰਟੀ ਚੋਂ ਬਾਹਰ:ਧਾਲੀਵਾਲ

ਬਠਿੰਡਾ: ਸਿੱਖਾਂ ਦੇ ਕਾਤਲ ਸੱਜਣ ਕੁਮਾਰ ਵਰਗੇ ਗਲਤ ਇਨਸਾਨ ਨੂੰ ਰੋਲ ਮਾਡਲ ਦੱਸਣ ਵਾਲੇ ਕਾਂਗਰਸ ਦੇ ਲੋਕ ਸਭਾ ਮੈਂਬਰ ਦਪਿੰਦਰ ਹੁੱਡਾ ਦੇ ਬਿਆਨ ਤੇ ਕਾਂਗਰਸ ਪਾਰਟੀ ਮਾਫੀ ਮੰਗੇ ਅਤੇ ਉਸ ਨੂੰ ਪਾਰਟੀ ਵਿੱਚੋਂ ਬਾਹਰ ਕੱਢੇ । ਇਹ ਮੰਗ ਸਾਬਕਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦਪਿੰਦਰ ਹੁੱਡਾ ਵੱਲੋਂ ਸੱਜਣ ਕੁਮਾਰ ਨੂੰ ਰੋਲ ਮਾਡਲ ਕਹਿਣ ਦੇ ਬਿਆਨ ਦੀ ਨਿੰਦਾ ਕਰਦਿਆਂ ਕੀਤੀ। ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸੱਜਣ ਕੁਮਾਰ ਨੇ 84 ਕਤਲੇਆਮ ਮੌਕੇ ਸਿੱਖਾਂ ਦਾ ਅੰਨਾ ਕਤਲ ਕਰਵਾਇਆ ਗਿਆ, ਨੌਜਵਾਨਾਂ ਦੇ ਗਲਾਂ ਵਿੱਚ ਟਾਇਰ ਪਾਕੇ ਉਹਨਾਂ ਨੂੰ ਅੱਗ ਲਾ ਕੇ ਸਾੜਿਆ ਗਿਆ, ਜਿਸ ਕਰਕੇ ਉਹਨਾਂ ਦੇ ਪਰਿਵਾਰਾਂ ਦੇ ਜਖਮ ਅੱਜ ਵੀ ਅੱਲੇ ਹਨ, ਭਾਵੇਂ ਸੱਜਣ ਕੁਮਾਰ ਦੀ ਜੇਲ ਵਿੱਚ ਹੋਈ ਦਰਦਨਾਕ ਮੌਤ ਕਰਕੇ ਉਹਨਾਂ ਦੇ ਮਨਾਂ ਨੂੰ ਮਾਮੂਲੀ ਰਾਹਤ ਮਿਲੀ ਹੈ ਪਰ ਚੰਗਾ ਹੁੰਦਾ ਸੱਜਣ ਕੁਮਾਰ ਨੂੰ ਉਸ ਸਮੇਂ ਦੀਆਂ ਸਰਕਾਰਾਂ ਚੌਂਕ ਵਿੱਚ ਖੜਾ ਕੇ ਫਾਂਸੀ ਦੀ ਸਜ਼ਾ ਲਾਉਂਦੀਆਂ ਤਾਂ ਜਾ ਕੇ 84 ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਮਿਲਣਾ ਸੀ। ਉਹਨਾਂ ਕਿਹਾ ਕਿ ਸੱਜਣ ਕੁਮਾਰ ਦੀ ਮੌਤ ਉਸ ਦੀ ਕੀਤੀਆਂ ਗਲਤੀਆਂ ਦੀ ਵੱਡੀ ਸਜ਼ਾ ਹੈ ਪਰ ਇਸ ਨਾਲ ਵੀ 84 ਕਤਲੇਆਮ ਦੇ ਪੀੜਤਾਂ ਦੇ ਮਨਾਂ ਨੂੰ ਰਾਹਤ ਨਹੀਂ ਮਿਲੀ ਪਰ ਹੁਣ ਕਾਂਗਰਸ ਦੇ ਹੀ ਲੋਕ ਸਭਾ ਮੈਂਬਰ ਦੀਪੇਂਦਰ ਹੁੱਡਾ ਵੱਲੋਂ ਇਸ ਤਰ੍ਹਾਂ ਦੇ ਕਾਤਲ ਇਨਸਾਨਾਂ ਨੂੰ ਰੋਲ ਮਾਡਲ ਦੱਸਣਾ ਉਨਾਂ ਜਖਮਾਂ ਤੇ ਲੂਣ ਛਿੜਕਣ ਬਰਾਬਰ ਹੈ ਜੋ ਇਨਸਾਫ ਲਈ ਹਾਲੇ ਵੀ ਠੋਕਰਾਂ ਖਾ ਰਹੇ ਹਨ। ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਦਪਿੰਦਰ ਹੁੱਡਾ ਨੇ ਇਸ ਤਰ੍ਹਾਂ ਦੀ ਬਿਆਨਬਾਜੀ ਕਰਕੇ ਜਿੱਥੇ 84 ਕਤਲੇਆਮ ਦੇ ਪੀੜਤਾਂ ਦੇ ਮਨਾਂ ਨੂੰ ਠੇਸ ਪਹੁੰਚਾਈ ਹੈ, ਉਥੇ ਹੀ ਉਹਨਾਂ ਕਾਂਗਰਸ ਪਾਰਟੀ ਦੇ ਅਕਸ ਦਾ ਚਿਹਰਾ ਵੀ ਸਾਹਮਣੇ ਲਿਆ ਦਿੱਤਾ ਹੈ। ਧਾਲੀਵਾਲ ਨੇ ਕਿਹਾ ਕਿ ਜੇਕਰ ਕਾਂਗਰਸ ਪਾਰਟੀ ਹੁੱਡਾ ਦੇ ਬਿਆਨ ਨਾਲ ਸਹਿਮਤ ਨਹੀਂ ਤਾਂ ਤੁਰੰਤ ਦਪਿੰਦਰ ਹੁੱਡਾ ਨੂੰ ਪਾਰਟੀ ਵਿੱਚੋਂ ਕੱਢਿਆ ਜਾਵੇ ਨਹੀਂ ਤਾਂ ਕਾਂਗਰਸ ਪਾਰਟੀ ਦਾ ਵੀ ਦੋਗਲਾ ਚਿਹਰਾ ਫਿਰ ਸਾਹਮਣੇ ਆਏਗਾ।



# ਅਮਰੀਕੀ ਸਿੱਖ ਸੰਗਠਨਾਂ ਨੇ ਆਰਐਸਐਸ ਮੁਖੀ ਮੋਹਨ ਭਾਗਵਤ ਨੂੰ ਅਮਰੀਕਾ ਵਿੱਚ ਦਾਖਲ ਹੋਣ ਤੋਂ ਰੋਕਣ ਦੀ ਮੰਗ ਕੀਤੀ

ਨਵੀਂ ਦਿੱਲੀ: 20 ਅਗਸਤ, 2026 ਨੂੰ, ਵਾਸ਼ਿੰਗਟਨ ਸਥਿਤ ਤਿੰਨ ਅਮਰੀਕੀ ਸਿੱਖ ਸੰਗਠਨਾਂ ਨੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੂੰ ਇੱਕ ਪੱਤਰ ਭੇਜਿਆ, ਜਿਸ ਵਿੱਚ ਉਨ੍ਹਾਂ ਨੂੰ 25 ਅਗਸਤ, 2026 ਨੂੰ ਉਨ੍ਹਾਂ ਦੇ ਯੋਜਨਾਬੱਧ ਦੌਰੇ ਤੋਂ ਪਹਿਲਾਂ ਮੋਹਨ ਭਾਗਵਤ ਦੇ ਅਮਰੀਕਾ ਵਿੱਚ ਦਾਖਲੇ ਨੂੰ ਰੋਕਣ ਦੀ ਅਪੀਲ ਕੀਤੀ ਗਈ।

ਭਾਗਵਤ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਦੇ ਮੁਖੀ ਹਨ, ਜੋ ਕਿ ਇੱਕ ਸੱਜੇ-ਪੱਖੀ ਹਿੰਦੂਤਵ ਸੰਗਠਨ ਹੈ ਅਤੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਮੂਲ ਸੰਗਠਨ ਮੰਨਿਆ ਜਾਂਦਾ ਹੈ।

ਅਮਰੀਕੀ ਸਿੱਖ ਕਾਕਸ ਕਮੇਟੀ, ਸਿੱਖ ਤਾਲਮੇਲ ਕਮੇਟੀ ਈਸਟ ਕੋਸਟ ਅਤੇ ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਤੀਨਿਧੀਆਂ ਦੁਆਰਾ ਦਸਤਖਤ ਕੀਤੇ ਗਏ ਇਸ ਪੱਤਰ ਵਿੱਚ ਕਿਹਾ ਗਿਆ ਹੈ, "ਆਰਐਸਐਸ ਅਤੇ ਇਸ ਨਾਲ ਸਬੰਧਤ ਸੰਗਠਨਾਂ ਦਾ ਭਾਰਤ ਵਿੱਚ ਧਾਰਮਿਕ ਘੱਟ ਗਿਣਤੀਆਂ, ਜਿਨ੍ਹਾਂ ਵਿੱਚ ਸਿੱਖ, ਮੁਸਲਮਾਨ ਅਤੇ ਈਸਾਈ ਸ਼ਾਮਲ ਹਨ, ਵਿਰੁੱਧ ਹਿੰਸਾ, ਵਿਤਕਰੇ ਅਤੇ ਅਤਿਆਚਾਰ ਨੂੰ ਭੜਕਾਉਣ ਵਾਲੀਆਂ ਵਿਚਾਰਧਾਰਾ ਅਤੇ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਦਾ ਇੱਕ ਲੰਮਾ ਅਤੇ ਚੰਗੀ ਤਰ੍ਹਾਂ ਦਸਤਾਵੇਜ਼ੀ ਰਿਕਾਰਡ ਹੈ।"

# ਅਜ਼ਾਦ ਕਸ਼ਮੀਰ ਨੇ ਅਮਰੀਕੀ ਰਾਜਦੂਤ ਦੇ ਕਸ਼ਮੀਰ ਬਾਰੇ ਬਿਆਨ ਨੂੰ ਕੀਤਾ ਰੱਦ

## *ਸਰਬਸੰਮਤੀ ਨਾਲ ਮਤਾ ਪਾਸ ਕੀਤਾ*

ਮੁਜ਼ੱਫਰਾਬਾਦ: ਆਜ਼ਾਦ ਜੰਮੂ ਅਤੇ ਕਸ਼ਮੀਰ ਵਿਧਾਨ ਸਭਾ ਨੇ ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜੀਓ ਗੋਰ ਦੁਆਰਾ ਕਸ਼ਮੀਰ ਨੂੰ ਭਾਰਤ ਦਾ ਹਿੱਸਾ ਦੱਸਣ ਵਾਲੇ ਬਿਆਨ ਨੂੰ ਰੱਦ ਕਰਨ ਦਾ ਮਤਾ ਸਰਬਸੰਮਤੀ ਨਾਲ ਅਪਣਾਇਆ। ਇਹ ਮਤਾ ਲਤੀਫ ਅਕਬਰ ਦੁਆਰਾ ਵਿਧਾਨ ਸਭਾ ਦੇ ਇੱਕ ਸੈਸ਼ਨ ਦੌਰਾਨ ਪੇਸ਼ ਕੀਤਾ ਗਿਆ ਸੀ ਅਤੇ ਕਾਨੂੰਨਸਾਜ਼ਾਂ ਤੋਂ ਸਰਬਸੰਮਤੀ ਨਾਲ ਪ੍ਰਵਾਨਗੀ ਪ੍ਰਾਪਤ ਕੀਤੀ ਗਈ ਸੀ।

ਮਤੇ ਦੇ ਅਨੁਸਾਰ, ਜੰਮੂ ਅਤੇ ਕਸ਼ਮੀਰ ਭਾਰਤ ਦਾ ਹਿੱਸਾ ਨਹੀਂ ਹੈ ਅਤੇ ਸੰਯੁਕਤ ਰਾਸ਼ਟਰ ਦੇ ਸੰਬੰਧਿਤ ਮਤਿਆਂ ਦੇ ਤਹਿਤ ਇੱਕ ਵਿਵਾਦਿਤ ਖੇਤਰ ਬਣਿਆ ਹੋਇਆ ਹੈ, ਜਿਸਦਾ ਅੰਤਮ ਦਰਜਾ ਅਜੇ ਕਸ਼ਮੀਰੀ ਲੋਕਾਂ ਦੀਆਂ ਇੱਛਾਵਾਂ ਦੇ ਅਨੁਸਾਰ ਨਿਰਧਾਰਤ ਨਹੀਂ ਕੀਤਾ ਗਿਆ ਹੈ।

ਅਸੈਂਬਲੀ ਨੇ ਅਮਰੀਕੀ ਰਾਜਦੂਤ ਨੂੰ ਦਿੱਤੇ ਗਏ ਰਿਪੋਰਟ ਕੀਤੇ ਬਿਆਨ 'ਤੇ ਸਖ਼ਤ ਇਤਰਾਜ਼ ਜਤਾਇਆ ਅਤੇ ਐਲਾਨ ਕੀਤਾ ਕਿ ਅਜਿਹੀਆਂ ਟਿੱਪਣੀਆਂ ਦਾ ਖੇਤਰ ਦੀ ਅੰਤਰਰਾਸ਼ਟਰੀ ਪੱਧਰ 'ਤੇ ਵਿਵਾਦਿਤ ਸਥਿਤੀ ਦੇ ਸੰਬੰਧ ਵਿੱਚ ਕੋਈ ਸਥਾਨ ਨਹੀਂ ਹੈ।

INDOOR WATER FALLS BY:
KALSI
Aluminum Products
• Patio Covers
• Sunrooms
• Aluminium & Glass Railing
• Fences
• Gate
• Security Bars
• Water Falls


Bring WATERFALL In Your Office/House
Call a Professional Installer, Not A Salesman
604-763-5679
#108-13030-115Ave, Surrey, BC
www.kalsialuminum.com

ਮਨ ਮਨੁੱਖ ਦੀ ਕੁੰਜੀ ਹੈ Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases


"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

THE CARPLAZA
CAR ACCESSORIES
All Types Of Car Accessories & Installation Available
ਇਥੋਂ ਤੁਸੀਂ ਹਰੇਕ ਤਰ੍ਹਾਂ ਦੀ Car Accessory ਲੈ ਸਕਦੇ ਹੋ


*Seat Covers *Matts
*Woofers & Ambient Lights
*Android Car Player Available


Especially For Uber & Lyft Camera
778-977-0032, 778-713-6949
#5-12357-82A Ave, Surrey, BC

# ਅਮਰੀਕਾ ਨਾਲ ਵਪਾਰਕ ਤਣਾਅ ਦੇ ਬਾਵਜੂਦ ਅਲਬਰਟਾ ਵੱਖਵਾਦੀ ਰੈਫਰੈਂਡਮ ਤੈਅ ਸਮੇਂ 'ਤੇ ਹੋਵੇਗਾ:ਡੈਨੀਅਲ ਸਮਿਥ




ਐਡਮੰਟਨ: ਅਮਰੀਕਾ ਨਾਲ ਮੁੜ ਵਧੇ ਵਪਾਰਕ ਤਣਾਅ ਦੇ ਬਾਵਜੂਦ ਅਲਬਰਟਾ ਵਿੱਚ ਕੈਨੇਡਾ ਤੋਂ ਵੱਖ ਹੋਣ ਸਬੰਧੀ ਰੈਫਰੈਂਡਮ ਦੀ ਪ੍ਰਕਿਰਿਆ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ। ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਨੇ ਕਿਹਾ ਹੈ ਕਿ ਰੈਫਰੈਂਡਮ 19 ਅਕਤੂਬਰ ਨੂੰ ਨਿਰਧਾਰਤ ਸਮੇਂ ਅਨੁਸਾਰ ਹੀ ਹੋਵੇਗਾ। ਆਪਣੇ ਰੇਡੀਓ ਪ੍ਰੋਗਰਾਮ ਯੂਅਰ ਪ੍ਰੋਵਿੰਸ ਯੂਅਰ ਪ੍ਰੀਮੀਅਰ ਦੌਰਾਨ ਇੱਕ ਕਾਲਰ ਨੇ ਪੁੱਛਿਆ ਕਿ ਅਮਰੀਕਾ ਨਾਲ ਮੁੜ ਸ਼ੁਰੂ ਹੋਈ ਵਪਾਰਕ ਜੰਗ ਦੇ ਮੱਦੇਨਜ਼ਰ ਕੀ ਵੱਖਵਾਦੀ ਰੈਫਰੈਂਡਮ ਨੂੰ ਕੁਝ ਸਮੇਂ ਲਈ ਟਾਲਿਆ ਜਾਣਾ ਚਾਹੀਦਾ ਹੈ। ਇਸ 'ਤੇ ਸਮਿਥ ਨੇ ਸਪੱਸ਼ਟ ਕੀਤਾ ਕਿ ਰੈਫਰੈਂਡਮ ਦੀ ਸਮਾਂ-ਸਾਰਣੀ ਵਿੱਚ ਕੋਈ ਰੋਕ ਨਹੀਂ ਲੱਗੇਗੀ। ਸਮਿਥ ਨੇ ਕਿਹਾ ਕਿ ਲਗਭਗ 7 ਲੱਖ ਅਲਬਰਟਾ ਵਾਸੀਆਂ ਨੇ ਦੋ ਪਟੀਸ਼ਨਾਂ ਰਾਹੀਂ ਇਸ ਮੁੱਦੇ 'ਤੇ ਵੋਟ ਕਰਵਾਉਣ ਦੀ ਮੰਗ ਕੀਤੀ ਹੈ।ਉਨ੍ਹਾਂ ਮੁਤਾਬਕ 19 ਅਕਤੂਬਰ ਨੂੰ ਵੋਟਰਾਂ ਨੂੰ ਇਹ ਫੈਸਲਾ ਕਰਨ ਦਾ ਮੌਕਾ ਮਿਲੇਗਾ ਕਿ ਉਹ ਕੈਨੇਡਾ ਵਿੱਚ ਰਹਿਣਾ ਚਾਹੁੰਦੇ ਹਨ ਜਾਂ ਅਲਬਰਟਾ ਦੇ ਕੈਨੇਡਾ ਤੋਂ ਵੱਖ ਹੋਣ ਦੀ ਪ੍ਰਕਿਰਿਆ ਸ਼ੁਰੂ ਕਰਨ ਦੇ ਹੱਕ ਵਿੱਚ ਹਨ। ਪ੍ਰੀਮੀਅਰ ਨੇ ਖੁਦ ਕੈਨੇਡਾ ਵਿੱਚ ਰਹਿਣ ਦੇ ਹੱਕ ਵਿੱਚ ਵੋਟ ਪਾਉਣ ਦੀ ਗੱਲ ਕਰਦਿਆਂ ਕਿਹਾ ਕਿ ਅਲਬਰਟਾ ਨੇ ਓਟਵਾ ਨਾਲ ਸਬੰਧਾਂ ਵਿੱਚ ਕਈ ਮਹੱਤਵਪੂਰਨ ਤਰੱਕੀਆਂ ਕੀਤੀਆਂ ਹਨ।ਉਨ੍ਹਾਂ ਕਿਹਾ ਕਿ ਪ੍ਰੋਵਿੰਸ ਨਵੀਂ ਪਾਈਪਲਾਈਨ ਬਣਾਉਣ ਸਮੇਤ ਕਈ ਮਾਮਲਿਆਂ 'ਤੇ ਕੇਂਦਰ ਸਰਕਾਰ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਇਸ ਦੌਰਾਨ ਅਮਰੀਕਾ ਨਾਲ ਵਪਾਰਕ ਗੱਲਬਾਤ ਟੁੱਟਣ 'ਤੇ ਸਮਿਥ ਨੇ ਨਿਰਾਸ਼ਾ ਜ਼ਾਹਰ ਕੀਤੀ ਅਤੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਨਾਲ ਖੜ੍ਹਨ ਦੀ ਗੱਲ ਕਹੀ।

(ਸਫਾ ਬੀ-03 ਦੀ ਬਾਕੀ)

"ਕਾਂਸ਼ੀ ਰਾਮ ਕਹਿੰਦੇ ਸਨ ਕਿ ਜਾਤੀਆਂ ਦੀ ਰਚਨਾ ਮਨੁਸਮ੍ਰਿਤੀ ਦੇ ਆਧਾਰ 'ਤੇ ਹੋਈ ਹੈ। ਇਸ ਨਾਲ ਅਸਮਾਨਤਾਵਾਂ ਵਾਲੇ ਸਮਾਜ ਦੀ ਰਚਨਾ ਹੋਈ। ਇਸ ਦੀ ਵਜ੍ਹਾ ਕਰਕੇ ਇਹ ਸਮਾਜ ਛੇ ਹਜ਼ਾਰ ਜਾਤੀਆਂ ਵਿੱਚ ਵੰਡਿਆ ਗਿਆ।"

ਇਤਿਹਾਸਕਾਰ ਨਰਹਰ ਕੁਰੁੰਦਕਰ ਦੱਸਦੇ ਹਨ, "ਮਨੁਸਮ੍ਰਿਤੀ ਦੇ ਸਮਰਥਕਾਂ ਦਾ ਇੱਕ ਧੜਾ ਕਹਿੰਦਾ ਹੈ ਕਿ ਇਸ ਸ੍ਰਿਸ਼ਟੀ ਦੀ ਰਚਨਾ ਬ੍ਰਹਮਾ ਨੇ ਕੀਤੀ ਸੀ ਅਤੇ ਦੁਨੀਆ ਦਾ ਕਾਨੂੰਨ ਪ੍ਰਜਾਪਤੀ-ਮਨੁ-ਭ੍ਰਿਗੂ ਦੀ ਪਰੰਪਰਾ ਤੋਂ ਆਇਆ ਹੈ। ਇਸ ਲਈ ਇਸ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ।"

ਕੁਰੁੰਦਕਰ ਆਪਣੀ ਕਿਤਾਬ ਵਿੱਚ ਇਸ ਬਾਰੇ ਦੱਸਦੇ ਹਨ, "ਮਨੁਸਮ੍ਰਿਤੀ ਦੇ ਬਚਾਅ ਵਿੱਚ ਇਹ ਵੀ ਕਿਹਾ ਜਾਂਦਾ ਹੈ ਕਿ ਸਮ੍ਰਿਤੀਆਂ ਵੇਦਾਂ 'ਤੇ ਆਧਾਰਿਤ ਹਨ ਅਤੇ ਮਨੁਸਮ੍ਰਿਤੀ ਵੀ ਵੇਦਾਂ ਦੇ ਅਨੁਸਾਰ ਹੈ। ਇਸ ਕਾਰਨ ਇਸ ਨੂੰ ਵੇਦਾਂ ਵਾਂਗ ਸਨਮਾਨ ਮਿਲਣਾ ਚਾਹੀਦਾ ਹੈ। ਸ਼ੰਕਰਾਚਾਰਿਆ ਸਮੇਤ ਕਈ ਹੋਰ ਧਰਮ-ਗੁਰੂਆਂ ਨੇ ਵੀ ਇਸੇ ਆਧਾਰ 'ਤੇ ਇਸ ਦਾ ਬਚਾਅ ਕੀਤਾ। ਮਨੁਸਮ੍ਰਿਤੀ ਦੇ ਆਧੁਨਿਕ ਸਮਰਥਕ ਕਹਿੰਦੇ ਹਨ ਕਿ ਜੇ ਇਸ ਕਿਤਾਬ ਦੇ ਕੁਝ ਹਿੱਸਿਆਂ ਨੂੰ ਛੱਡ ਦਿੱਤਾ ਜਾਵੇ ਤਾਂ ਇਹ ਸਮਾਜ ਦੇ ਭਲੇ ਦੀ ਗੱਲ ਕਰਦੀ ਹੈ।"

### "ਕਾਨੂੰਨ ਲਿਖਣ ਵਾਲੇ ਪਹਿਲੇ ਵਿਅਕਤੀ"

ਵਿਵਾਦਿਤ ਆਗੂ ਸੰਭਾਜੀ ਭਿੜੇ ਨੇ ਆਪਣੇ ਇੱਕ ਭਾਸ਼ਣ ਵਿੱਚ ਦਾਅਵਾ ਕੀਤਾ ਹੈ ਕਿ ਮਨੁ ਨੇ ਵਿਸ਼ਵ ਕਲਿਆਣ ਲਈ ਇਹ ਕਿਤਾਬ ਲਿਖੀ ਅਤੇ ਉਹ ਇੱਕ ਵੱਡੇ ਕਾਨੂੰਨ ਵਿਦਵਾਨ ਸਨ।ਕੁਝ ਲੋਕ ਕਹਿੰਦੇ ਹਨ ਕਿ ਰਾਜਸਥਾਨ ਹਾਈ ਕੋਰਟ ਵਿੱਚ ਮਨੁ ਦੀ ਇੱਕ ਮੂਰਤੀ ਵੀ ਲੱਗੀ ਹੋਈ ਹੈ।

ਰਾਜਸਥਾਨ ਨਾਲ ਸਬੰਧਤ ਦਲਿਤ ਕਾਰਕੁਨ ਪੀ. ਐਲ. ਮੀਥਾਰੋਥ ਬੀਬੀਸੀ ਨੂੰ ਦੱਸਦੇ ਹਨ, "ਜੈਪੁਰ ਬਾਰ ਐਸੋਸੀਏਸ਼ਨ ਨੇ ਇਹ ਮੂਰਤੀ ਲਗਵਾਈ ਹੈ। ਉਸ ਦਿਨਾਂ ਵਿੱਚ ਬਾਰ ਐਸੋਸੀਏਸ਼ਨ ਵਿੱਚ ਜ਼ਿਆਦਾਤਰ ਵਕੀਲ ਉੱਚ ਜਾਤੀਆਂ ਨਾਲ ਸਬੰਧਤ ਹੁੰਦੇ ਸਨ। ਅਜਿਹੇ ਵਿੱਚ ਸਮਰਥਕਾਂ ਨੇ ਦਾਅਵਾ ਕੀਤਾ ਕਿ ਮਨੁ ਕਾਨੂੰਨ ਲਿਖਣ ਵਾਲੇ ਪਹਿਲੇ ਵਿਅਕਤੀ ਸਨ, ਇਸ ਲਈ ਹਾਈ ਕੋਰਟ ਕੰਪਲੈਕਸ ਵਿੱਚ ਉਨ੍ਹਾਂ ਦੀ ਮੂਰਤੀ ਲਗਾਉਣਾ ਜਾਇਜ਼ ਹੈ।"

### ਮਨੁ ਸਿਮ੍ਰਤੀ ਦੇ ਸਮਰਥਕਾਂ ਦੀਆਂ ਅਤਿਵਾਦੀ ਕਾਰਵਾਈਆਂ

ਸਨਾਤਨ ਸੰਸਥਾ ਇੱਕ ਕੱਟੜ ਹਿੰਦੂਵਾਦੀ ਸੰਗਠਨ ਹੈ, ਜਿਸ ਦੇ ਮੁਖੀ ਵਿਵਾਦਿਤ ਹਿਪਨੋਥੈਰੇਪਿਸਟ ਡਾ. ਜਯੰਤ ਅਠਾਵਲੇ ਹਨ।ਇਸ ਸੰਸਥਾ ਨਾਲ ਜੁੜੇ ਕੁਝ ਲੋਕਾਂ ਦੇ ਨਾਮ ਕਥਿਤ ਤੌਰ 'ਤੇ ਗੋਆ ਅਤੇ ਮਹਾਰਾਸ਼ਟਰ ਵਿੱਚ ਹੋਏ ਬੰਬ ਧਮਾਕਿਆਂ ਨਾਲ ਜੁੜੇ ਹੋਏ ਹਨ। ਇਸ ਸੰਸਥਾ ਦੇ ਕੁਝ ਲੋਕ ਤਰਕਵਾਦੀ ਨਰਿੰਦਰ ਦਾਭੋਲਕਰ, ਗੋਵਿੰਦ ਪਾਨਸਰੇ ਅਤੇ ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਵਿੱਚ ਅਹਿਮ ਸ਼ੱਕੀ ਵਜੋਂ ਦਰਜ ਹਨ।ਸਨਾਤਨ ਸੰਸਥਾ ਨੇ ਇਹ ਵੀ ਕਿਹਾ ਹੈ ਕਿ ਜਰਮਨ ਦਰਸ਼ਨਸ਼ਾਸਤਰੀ 'ਨੀਤਸ਼ੇ' ਇਸ ਕਿਤਾਬ ਤੋਂ ਕਾਫ਼ੀ ਪ੍ਰਭਾਵਿਤ ਹੋਏ ਸਨ ਅਤੇ ਇਸ ਵਿੱਚ ਕਿਤੇ ਵੀ ਜਾਤੀ ਵਿਵਸਥਾ ਦਾ ਜ਼ਿਕਰ ਨਹੀਂ ਹੈ।ਕੁਰੁੰਦਕਰ ਕਹਿੰਦੇ ਹਨ, "ਆਧੁਨਿਕ ਸਿੱਖਿਆ ਇਨ੍ਹਾਂ ਲੋਕਾਂ ਲਈ ਆਧੁਨਿਕ ਦਿਮਾਗ ਦੀ ਰਚਨਾ ਨਹੀਂ ਕਰ ਸਕੀ। ਇਸ ਲਈ ਇਹ ਲੋਕ ਪਰੰਪਰਾਵਾਂ ਨੂੰ ਮੰਨਣ ਵਾਲੇ ਅਤੇ ਰੂੜੀਵਾਦੀ ਬਣੇ ਰਹੇ। ਆਧੁਨਿਕ ਸਿੱਖਿਆ ਨੇ ਪਰੰਪਰਾਵਾਂ ਨੂੰ ਜਾਰੀ ਰੱਖਣ ਲਈ ਨਵੇਂ ਤਰਕ ਦਿੱਤੇ।" "ਡਾ. ਅੰਬੇਡਕਰ ਨੂੰ ਲੱਗਦਾ ਸੀ ਕਿ ਸਿੱਖਿਆ ਪ੍ਰਣਾਲੀ ਪਰੰਪਰਾਗਤ ਸੋਚ ਨੂੰ ਬਦਲਣ ਵਿੱਚ ਨਾਕਾਮ ਸਾਬਤ ਹੋਈ ਹੈ। ਇਸ ਦੀ ਥਾਂ ਰੂੜੀਵਾਦੀ ਲੋਕਾਂ ਨੇ ਆਧੁਨਿਕ ਸਿੱਖਿਆ ਨੂੰ ਇੱਕ ਹਥਿਆਰ ਵਾਂਗ ਇਸਤੇਮਾਲ ਕੀਤਾ। ਅੰਬੇਡਕਰ ਸੋਚਦੇ ਸਨ ਕਿ ਇਹੀ ਲੋਕ ਜਾਤੀ ਵਿਵਸਥਾ ਅਤੇ ਪਾਖੰਡੀਆਂ ਦੇ ਰੱਖਿਅਕ ਹਨ।


ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ



- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ






ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads




Need Company Drivers
Single Driver Pay 52cents/mile
Team Drivers 32 cents/mile

FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਅਮਰੀਕਾ ਵੱਲੋਂ ਰੱਖੀਆਂ ਸ਼ਰਤਾਂ ਜਨਤਕ ਕਰਨ ਮਾਰਕ ਕਾਰਨੀ

ਔਟਵਾ:ਡੌਨਲਡ ਟਰੰਪ ਵੱਲੋਂ ਕੈਨੇਡਾ ਨੂੰ ਚੋਭਾਂ ਮਾਰਨ ਦਾ ਸਿਲਸਿਲਾ ਆਰੰਭ ਹੋ ਗਿਆ ਹੈ ਅਤੇ ਤਾਜ਼ਾ ਟਿੱਪਣੀ ਵਿਚ ਅਮਰੀਕਾ ਦੇ ਰਾਸ਼ਟਰਪਤੀ ਨੇ ਕਿਹਾ ਹੈ ਕਿ ਕੈਨੇਡਾ ਸਰਕਾਰ ਅਮਰੀਕਾ ਦੇ ਸੂਬੇ ਵਰਗੀਆਂ ਸਹੂਲਤਾਂ ਮੰਗ ਰਹੀ ਹੈ। ਕਾਰੋਬਾਰੀ ਗੱਲਬਾਤ ਠੱਪ ਹੋਣ ਮਗਰੋਂ ਡੌਨਲਡ ਟਰੰਪ ਨੇ ਪਹਿਲੀ ਟਿੱਪਣੀ ਕਰਦਿਆਂ ਦੋਸ਼ ਲਾਇਆ ਕਿ ਕੈਨੇਡਾ ਲੰਮੇ ਸਮੇਂ ਤੋਂ ਅਮੈਰਿਕਨ ਕਿਸਾਨਾਂ ਦੀਆਂ ਜਿਣਸਾਂ 'ਤੇ ਭਾਰੀ ਭਰਕਮ ਟੈਰਿਫ਼ਸ ਵਸੂਲਦਾ ਆ ਰਿਹਾ ਹੈ ਪਰ ਹੁਣ ਇਸ ਸਭ ਨਹੀਂ ਚੱਲ ਸਕਦਾ। ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਫ਼ਿਲਹਾਲ ਟਰੰਪ ਦੀ ਟਿੱਪਣੀ ਬਾਰੇ ਕੈਨੇਡਾ ਸਰਕਾਰ ਪ੍ਰਤੀਕਿਰਆ ਸਾਹਮਣੇ ਨਹੀਂ ਆਈ। ਦੂਜੇ ਪਾਸੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਕੈਨੇਡੀਅਨ ਕਾਰੋਬਾਰੀਆਂ ਨੂੰ ਅਮਰੀਕਾ ਦੀਆਂ ਟੈਰਿਫ਼ਸ ਤੋਂ ਰਾਹਤ ਦੀ ਯੋਜਨਾ ਤਿਆਰ ਹੋਣ ਦਾ ਦਾਅਵਾ ਕੀਤਾ ਗਿਆ ਹੈ ਅਤੇ ਮੁਲਕ ਦੇ ਸਾਰੇ ਪ੍ਰੀਮੀਅਰ ਇਕਜੁਟ ਹੋ ਕੇ ਪ੍ਰਧਾਨ ਮੰਤਰੀ ਦੇ ਨਾਲ ਖੜ੍ਹੇ ਨਜ਼ਰ ਆ ਰਹੇ ਹਨ।



## Home Improvement


ਪੰਜਾਬ ਗਾਰਡੀਅਨ ਨਾਲ ਐਡ ਪਾਓ ਅਤੇ ਆਪਣਾ ਬਿਜ਼ਨਸ ਵਧਾਓ

ਪੰਜਾਬ ਗਾਰਡੀਅਨ

Call to Advertise
604-590-5200

TOOR LANDSCAPING & FENCE

RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- 2x3 ਦਾ ਫਰੇਮ ਸੋਲਿਡ $210 ਦਾ ਪੈਨਲ
- ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ

ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ
604-729-3225

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।
ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

SINGH RAJ
RENOVATION CO.

We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

Call Raj: 778-229-9261


STORM
ELECTRIC LTD.
Residential & Commercial
Licenced & Bonded

*All Kinds Of Electrical Service
*Best Rate
*Friendly Service
*Quality Workmanship

STORM
Est. 2020

Mandeep Dhaliwal
(Certified Electrician)
778-994-7207
Email:stormelectricltd@gmail.com

ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਂਟਿੰਗ, ਟਾਇਲਜ਼, ਲੈਮੀਨੇਟ, ਇਲੈਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ



Contact for Kitchen Cabinet & Counter Tops in Homes

ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ
236-234-4081

ਸੰਦਲ ਰੈਨੋਵੇਸ਼ਨ
Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੇਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ
ਭਿੰਦਰ : 604-725-6270

GARCHA Plumbing Heating & Repair Ltd.
15 Yrs Experience

ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha
604-306-3276
Big Or Small, We Do It All

BT LINE PAINTING CO.
ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ
SPECIALIZING IN:
Spray & Roller Panting * Interior & Exterior * Pressure Washing*
ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।
ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁੱਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ
For FREE estimates call Mr. Kulwant Singh Boyal
Cell: 604-340-7497 Res: 604-543-8064

# ਕੁੰਭ ਮੇਲੇ ਲਈ 32 ਹਜ਼ਾਰ ਕਰੋੜ:ਸਿੱਖਿਆ ਲਈ ਕੁਝ ਵੀ ਨਹੀਂ

ਮੁੰਬਈ:-ਸੁਪਰੀਮ ਕੋਰਟ ਦੇ ਜੱਜ ਜਸਟਿਸ ਪ੍ਰਸੰਨਾ ਵਰਾਲੇ ਨੇ ਨਾਸਿਕ ਜ਼ਿਲ੍ਹੇ ਦੇ ਸ਼ਿਰਪੁਰ ਵਿੱਚ ਆਪਣੇ ਪੁਰਾਣੇ ਸਕੂਲ ਦੇ ਦੌਰੇ ਦੌਰਾਨ ਕਿਹਾ ਕਿ ਰਾਜ ਸਰਕਾਰ ਕੁੰਭ ਮੇਲੇ 'ਤੇ 32,000 ਕਰੋੜ ਖਰਚ ਕਰ ਰਹੀ ਹੈ। ਜੇਕਰ ਇਸ ਰਕਮ ਦਾ ਸਿਰਫ਼ 0.1%, ਜਾਂ ਲਗਭਗ 32 ਕਰੋੜ, ਸਿੱਖਿਆ 'ਤੇ ਖਰਚ ਕੀਤਾ ਜਾਂਦਾ, ਤਾਂ 100-150 ਤੋਂ ਵੱਧ ਮਰਾਠੀ-ਮਾਧਿਅਮ ਵਾਲੇ ਸਕੂਲ ਬੰਦ ਹੋਣ ਤੋਂ ਬਚ ਸਕਦੇ ਹਨ।ਨਾਸਿਕ ਵਿੱਚ ਸਿੰਹਸਥ ਕੁੰਭ ਮੇਲਾ ਇਸ ਸਾਲ ਅਕਤੂਬਰ ਵਿੱਚ ਸ਼ੁਰੂ ਹੋਣ ਜਾ ਰਿਹਾ ਹੈ।










ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

## 30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530




# ਮਹਾਨ ਨਗਰ ਕੀਰਤਨ

## 6 ਸਤੰਬਰ ਦਿਨ ਐਤਵਾਰ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 422ਵੇਂ ਪਹਿਲੇ ਪ੍ਰਕਾਸ਼ ਦਿਹਾੜੇ ਦੀ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈ ਹੋਵੇ ਜੀ

6 ਸਤੰਬਰ ਦਿਨ ਐਤਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 422ਵੇਂ ਪਹਿਲੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਗੁਰਦੁਆਰਾ ਕਲਗੀਧਰ ਦਰਬਾਰ ਐਬਟਸਫੋਰਡ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਨਗਰ ਕੀਰਤਨ ਸਜਾਏ ਜਾਣਗੇ ਅਤੇ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਸ਼ਾਮ ਨੂੰ ਵਿਸ਼ੇਸ਼ ਦੀਵਾਨ ਸਜਾਏ ਜਾਣਗੇ ਜਿਸ ਵਿਚ ਵੱਖ ਵੱਖ ਜਥੇ ਕਥਾ ਕੀਰਤਨ ਅਤੇ ਢਾਡੀ ਵਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

### ਪ੍ਰੋਗਰਾਮਾਂ ਦਾ ਵੇਰਵਾ

4 ਸਤੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 8 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 6 ਸਤੰਬਰ ਦਿਨ ਐਤਵਾਰ ਸਵੇਰੇ 8 ਵਜੇ ਭੋਗ ਪਾਏ ਜਾਣਗੇ।ਅਰਦਾਸ, ਹੁਕਮਨਾਮਾ ਅਤੇ ਕੀਰਤਨ ਦਰਬਾਰ ਦੀ ਸਮਾਪਤੀ ਸਵੇਰੇ 10 ਵਜੇ ਹੋਵੇਗੀ।ਉਪਰੰਤ ਸਵੇਰੇ 11 ਵਜੇ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ ਅਤੇ ਸ਼ਾਮ 4 ਵਜੇ ਸਮਾਪਤੀ ਹੋਵੇਗੀ।


ਭਾਈ ਰਵਿੰਦਰ ਸਿੰਘ ਸੋਢੀ


ਭਾਈ ਮਹਿਤਾਬ ਸਿੰਘ ਜਲੰਧਰ ਵਾਲੇ


ਸਿੰਘ ਸਾਹਿਬ ਗੁਰਚਰਨ ਸਿੰਘ







ਆਉਣ ਵਾਲੀਆਂ ਸੰਗਤਾਂ ਹੇਠ ਲਿਖੇ ਥਾਵਾਂ ਤੇ ਕਾਰਾਂ ਪਾਰਕ ਕਰ ਸਕਦੀਆਂ ਹਨ।

**Additional parking areas:**

- Dave Kandal Elementary School
- Harry Sayers Elementary School
- Rick Hansen Secondary School
- Eugene Reimer Middle School
- Church Front Stalls ONLY (located across from Kalgidhar Gurdwara Sahib)

The Nagar Kirtan will take place on Sunday, Sep 6th in Abbotsford BC. The parade will start at 11am from Kalgidhar Darbar Sahib Gurdwara located at 30640 Blueridge Drive, Abbotsford and will return at approximately 4 pm.The parade will be followed by religious hyms singers & preachers (Kirtani Jathas & Katha Vachaks) and final prayer (Ardas) at 9 pm at the Gurdwara. Complimentary food will be proivided at the Gurdwara *along the entire route.

## ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ

| ਗੁਰਦੁਆਰਾ ਸਾਹਿਬ: | ਗੁਰਜੀਤ ਸਿੰਘ(ਪ੍ਰਧਾਨ) | ਮੋਤਾ ਸਿੰਘ (ਖਜਾਨਚੀ) | ਬਾਜ ਸਿੰਘ (ਸਕੱਤਰ) |
|---|---|---|---|
| 604-504-5530 | 604-835-0353 | 604-835-2731 | 604-825-6681 |

OG TIRES & RIMS LTD.

Mobile Service 24/7
Proffesional & Reliable Service



- New & Used Tires
- Wheel Allignment
- Road Side Assistance
- Tire Rotation
- Flat Tire Repairs
- Brakes •Repairs

ਅਸੀਂ ਤੁਹਾਡੀ ਸਾਈਟ ਤੇ ਆ ਕੇ ਸਰਵਿਸ ਪ੍ਰਦਾਨ ਕਰਦੇ ਹਾਂ
ਸਾਡੇ ਕੋਲ Tires & Rims ਦੀ ਭਾਰੀ ਸਿਲੈਕਸ਼ਨ ਹੈ

10% Off on Set of New 4 Tires

All season & winter tires available all year, for any car/truck
Wheel Allignment Mounting / Balancing & Installation on all tires

Ph:604-712-3870

Email:ogtiresandrims@gmail.com
Website:www.ogtiresandrims.ca
#106-13030-115Ave, Surrey

Discover the Real Punjabi Tadka

Chawlas² SINCE 1960
The Famous Taste of Punjab

Veg & Non Veg

NOW OPEN
IN SURREY



ਲੁਧਿਆਣਾ ਦਾ ਮਸ਼ਹੂਰ
Chawla's Chicken
ਹੁਣ ਤੁਹਾਡੇ ਸ਼ਹਿਰ ਸਰੀ ਵਿਚ

Ph:778-637-0006

#107-8363 -128St, Surrey Hours:Wednesday to Monday 10AM to 12 AM Closed:Tuesday